24-NOV-PAGE-1.qxd 11/23/2023 10:47 PM Page 1

ਸ਼ੁੱਕਰਵਾਰ, 24 ਨਵੰਬਰ, 2023
9 ਮੱਘਰ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 174

ਨਵਾਂ ਜ਼ਮਾਨਾ

DAILY NAWAN ZAMANA • FRIDAY, 24 NOVEMBER, 2023 ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160
You Tube nawan zamana TV

ਨਿਹੰਗਾਂ ਦੀ ਲੜਾਈ 'ਚ ਹੋਮਗਾਰਡ ਦੀ ਮੌਤ

ਸੁਲਤਾਨਪੁਰ ਲੋਧੀ ਦੇ ਗੁਰਦੁਆਰੇ 'ਤੇ ਕਬਜ਼ੇ ਨੂੰ ਲੈ ਕੇ ਗੋਲੀਬਾਰੀ, ਪ੍ਰਸ਼ਾਸਨ ਨੇ ਕਾਫੀ ਮੁਸ਼ੱਕਤ ਨਾਲ ਸਥਿਤੀ ਸੰਭਾਲੀ, ਸੰਗਤ ਨੂੰ ਗੁਰਪੁਰਬ 'ਤੇ ਬਿਨਾਂ ਕਿਸੇ ਡਰ-ਭੈਅ ਦੇ ਪੁੱਜਣ ਦੀ ਅਪੀਲ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)

ਗੁਰਪੁਰਬ ਤੋਂ ਚਾਰ ਦਿਨ ਪਹਿਲਾਂ ਵੀਰਵਾਰ ਇੱਥੇ ਗੁਰਦੁਆਰਾ ਅਕਾਲ ਬੁੰਗਾ (ਨਿਹੰਗ ਸਿੰਘਾਂ ਦੀ ਛਾਉਣੀ) ਵਿਖੇ ਗੋਲੀ ਚੱਲਣ ਕਾਰਨ ਹੋਮਗਾਰਡ ਦੀ ਮੌਤ ਹੋ ਗਈ, ਜਦ ਕਿ 4 ਪੁਲਸ ਮੁਲਾਜ਼ਮ ਤੇ ਕੁਝ ਨਿਹੰਗ ਜ਼ਖਮੀ ਹੋ ਗਏ। ਇਹ ਘਟਨਾ ਸਵੇਰੇ 5 ਵਜੇ ਦੇ ਕਰੀਬ ਵਾਪਰੀ। ਮ੍ਰਿਤਕ ਹੋਮਗਾਰਡ ਦੀ ਪਛਾਣ ਜਸਪਾਲ ਸਿੰਘ ਵਾਸੀ ਪਿੰਡ ਮਨਿਆਲਾ ਜ਼ਿਲ੍ਹਾ ਕਪੂਰਥਲਾ ਵਜੋਂ ਹੋਈ। ਬੁੱਢਾ ਦਲ ਦੇ ਦੋ ਧੜੇ ਬਣੇ ਹੋਏ ਹਨ। ਇਨ੍ਹਾਂ 'ਚ ਇਤਿਹਾਸਕ ਗੁਰਦੁਆਰਾ ਬੇਰ ਸਾਹਿਬ ਦੇ ਸਾਹਮਣੇ ਪੈਂਦੇ ਗੁਰਦੁਆਰਾ ਅਕਾਲ ਬੁੰਗਾ 'ਤੇ ਕਬਜ਼ੇ ਨੂੰ ਲੈ ਕੇ ਕਈ ਸਾਲਾਂ ਤੋਂ ਖਿੱਚੋਤਾਣ ਚੱਲਦੀ ਆ ਰਹੀ ਹੈ। ਦੋ-ਤਿੰਨ ਦਿਨ ਤੋਂ ਸੁਲਤਾਨਪੁਰ 'ਚ ਫਿਰ ਦੋਵੇਂ ਧੜੇ ਸਰਗਰਮ ਸਨ। ਝਗੜਾ ਨਾ ਹੋਵੇ, ਇਸ ਦੇ ਮੱਦੇਨਜ਼ਰ ਪੁਲਸ ਦੇ ਤਿੰਨ ਸੌ ਜਵਾਨ ਤਾਇਨਾਤ ਕੀਤੇ ਗਏ ਸਨ। ਪਤਾ ਲੱਗਾ ਹੈ ਕਿ ਦਰੱਖਤ 'ਤੇ ਪੁਜ਼ੀਸ਼ਨ ਲਈ ਬੈਠੇ ਨਿਹੰਗ ਦੀ ਗੋਲੀ ਨਾਲ ਹੌਲਦਾਰ ਦੀ ਮੌਤ ਹੋਈ।

ਗੁਰਦੁਆਰਾ ਕੁਝ ਸਾਲਾਂ ਤੋਂ ਨਿਹੰਗ ਬਲਬੀਰ ਸਿੰਘ ਦੀ ਅਗਵਾਈ ਵਾਲੇ ਬੁੱਢਾ ਦਲ ਦੇ ਕੰਟਰੋਲ ਵਿਚ ਹੈ। ਉਥੇ ਉਸ ਨੇ ਦੋ ਸੇਵਾਦਾਰ ਨਿਰਵੈਰ ਸਿੰਘ ਤੇ ਜਗਜੀਤ ਸਿੰਘ ਤਾਇਨਾਤ ਕੀਤੇ ਹੋਏ ਸਨ। 21 ਨਵੰਬਰ ਦੀ ਸਵੇਰ ਦੂਜੇ ਧੜੇ ਦੇ ਮੁਖੀ ਨਿਹੰਗ ਮਾਨ ਸਿੰਘ ਦਾ ਜੱਥਾ ਗੁਰਦੁਆਰੇ ਵਿਚ ਦਾਖਲ ਹੋਇਆ ਤੇ ਉਸ ਨੇ ਦੋਹਾਂ ਸੇਵਾਦਾਰਾਂ ਨੂੰ ਯਰਗਮਾਲ ਬਣਾ ਕੇ ਗੁਰਦੁਆਰੇ 'ਤੇ ਕਬਜ਼ਾ ਕਰ ਲਿਆ। ਨਿਹੰਗ ਮਾਨ ਸਿੰਘ ਦਾ ਜੱਥਾ ਗੁਰਦੁਆਰੇ ਦੇ ਅੰਦਰ ਹੀ ਸੀ ਤੇ ਬਲਬੀਰ ਸਿੰਘ ਦਾ ਜੱਥਾ ਬਾਹਰ ਆ ਗਿਆ ਸੀ। ਮਾਨ ਸਿੰਘ ਦੇ ਜੱਥੇ ਨੂੰ ਬਾਹਰ ਆਉਣ ਲਈ ਮਨਾਇਆ ਜਾ ਰਿਹਾ ਸੀ। ਤੜਕੇ ਸਾਢੇ ਚਾਰ ਤੋਂ ਸਾਢੇ ਛੇ ਵਜੇ ਤੱਕ ਪੁਲਸ ਤੇ ਨਿਹੰਗਾਂ ਵਿਚਾਲੇ 60 ਤੋਂ ਵੱਧ ਰੌਂਦ ਚੱਲੇ।

ਘਟਨਾ ਤੋਂ ਬਾਅਦ ਬਾਬਾ ਮਾਨ ਸਿੰਘ ਏ ਡੀ ਜੀ ਪੀ ਲਾਅ ਐਂਡ ਆਰਡਰ ਗੁਰਿੰਦਰ ਸਿੰਘ ਢਿੱਲੋਂ, ਡਿਪਟੀ ਕਮਿਸਨਰ ਕੈਪਟਨ ਕਰਨੈਲ ਸਿੰਘ, ਰਾਜਪਾਲ ਸਿੰਘ ਸੰਧੂ ਡੀ ਆਈ ਜੀ ਤੇ ਹੋਰ ਅਧਿਕਾਰੀਆਂ ਵਿਚਾਲੇ ਲੰਮੀ ਮੀਟਿੰਗ ਹੋਈ ਅਤੇ ਨਿਹੰਗ ਸਿੰਘਾਂ ਵੱਲੋਂ ਡੇਰੇ ਨੂੰ ਖਾਲੀ ਕਰ ਦਿੱਤਾ ਗਿਆ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ ਪੁਰਬ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਅੰਦਰ ਸ੍ਰੀ ਅਖੰਡ ਪਾਠ ਸਾਹਿਬ ਦਾ ਪ੍ਰਵਾਹ ਨਿਰੰਤਰ ਚੱਲ ਰਿਹਾ ਹੈ। ਗੁਰਦੁਆਰਾ ਸਾਹਿਬ ਅੰਦਰ ਰਹਿਤ ਮਰਿਆਦਾ ਨੂੰ ਪੂਰੀ ਤਰ੍ਹਾਂ ਨਾਲ ਕਾਇਮ ਰੱਖਿਆ ਜਾਵੇਗਾ।

ਡਿਪਟੀ ਕਮਿਸਨਰ ਕੈਪਟਨ ਕਰਨੈਲ ਸਿੰਘ ਨੇ ਦੱਸਿਆ ਕਿ ਦੋਵੇਂ ਧਿਰਾਂ ਦਾ ਕਬਜ਼ਾ ਹਟਾ ਕੇ ਇੱਕ ਰਸੀਵਰ ਨਿਯੁਕਤ ਕੀਤਾ ਜਾਵੇਗਾ। ਨਿਹੰਗ ਸਿੰਘਾਂ ਵੱਲੋਂ ਮਹੱਲਾ ਕੱਢਣ ਲਈ ਆਪਸੀ ਵਿਚਾਰ ਵਟਾਂਦਰਾ ਕਰਕੇ ਇਸ ਨੂੰ ਲਾਗੂ ਕੀਤਾ ਜਾਵੇਗਾ। ਉਨਾਂ ਸਮੂਹ ਨਾਨਕ ਨਾਮ ਲੇਵਾ ਸੰਗਤਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਆਪਣੀ ਸ਼ਰਧਾ ਭਾਵਨਾ ਤੇ ਸਤਿਕਾਰ ਨਾਲ ਪਾਵਨ ਨਗਰੀ ਦੇ ਦਰਸ਼ਨ ਦੀਦਾਰ ਕਰਨ ਅਤੇ ਪਾਵਨ ਅਸਥਾਨਾਂ ਤੇ ਨਤਮਸਤਕ ਹੋ ਕੇ ਲਾਹਾ ਪ੍ਰਾਪਤ ਕਰਨ। ਸੰਗਤਾਂ ਨੂੰ ਇਸ ਮੌਕੇ ਕਿਸੇ ਵੀ ਪ੍ਰਕਾਰ ਦੀ ਕੋਈ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਟਰੈਫਿਕ ਦੀ ਸਮੱਸਿਆ ਨਾਲ ਵੀ ਪ੍ਰਸ਼ਾਸਨ ਖਿਆਲ ਰੱਖੇਗਾ

ਲਾਅ ਐਂਡ ਆਰਡਰ ਦੇ ਏ ਡੀ ਜੀ ਪੀ ਗੁਰਿੰਦਰ ਸਿੰਘ ਢਿੱਲੋਂ ਨੇ ਦੱਸਿਆ ਕਿ ਜਾਂਚ ਕਰਕੇ ਕਾਇਦੇ ਕਨੂੰਨ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ।

ਹੋਮਗਾਰਡ ਦੇ ਜਵਾਨ ਜਸਪਾਲ ਸਿੰਘ (50) ਦਾ ਪਿੰਡ ਮਨਿਆਲਾ ਵਿਖੇ ਸਰਕਾਰੀ ਸਨਮਾਨ ਨਾਲ ਅੰਤਿਮ ਸਸਕਾਰ ਕੀਤਾ ਗਿਆ। ਪੰਜਾਬ ਦੇ ਸਪੈਸ਼ਲ ਡੀ ਜੀ ਪੀ ਅਰਪਿਤ ਸ਼ੁਕਲਾ, ਡੀ ਆਈ ਜੀ ਐਸ ਭੂਪਤੀ, ਡੀ ਆਈ ਜੀ ਰਾਜਪਾਲ ਸਿੰਘ ਸੰਧੂ, ਡੀ ਆਈ ਜੀ ਚਰਨਜੀਤ ਸਿੰਘ, ਆਮ ਆਦਮੀ ਪਾਰਟੀ ਦੇ ਆਗੂ ਸੱਜਣ ਸਿੰਘ ਚੀਮਾ ਅਤੇ ਹੋਰਨਾਂ ਅਧਿਕਾਰੀਆਂ ਵਲੋਂ ਸ਼ਹੀਦ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਸਪੈਸ਼ਲ ਡੀ ਜੀ ਪੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼ਹੀਦ ਜਸਪਾਲ ਸਿੰਘ ਦੇ ਇਕ ਪੁੱਤਰ ਨੂੰ ਪੰਜਾਬ ਪੁਲਸ ਵਿਚ ਨੌਕਰੀ ਦਿੱਤੀ ਜਾਵੇਗੀ ਅਤੇ ਦੂਸਰੇ ਨੂੰ ਵੀ ਰੋਜ਼ਗਾਰ ਮੁਹੱਈਆ

● ਬਾਕੀ ਸਫ਼ਾ 2 'ਤੇ

ਹੋਮਗਾਰਡ ਦੇ ਪਰਵਾਰ ਨੂੰ ਦੋ ਕਰੋੜ ਦੀ ਸਹਾਇਤਾ

ਚੰਡੀਗੜ੍ਹ (ਗੁਰਜੀਤ ਬਿੱਲਾ)

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਹੋਮਗਾਰਡ ਦੇ ਜਵਾਨ ਜਸਪਾਲ ਸਿੰਘ ਦੀ ਮੌਤ ਉਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਕਰਦਿਆਂ ਉਸ ਦੇ ਪਰਿਵਾਰ ਨੂੰ ਵਿੱਤੀ ਸਹਾਇਤਾ ਵਜੋਂ ਦੋ ਕਰੋੜ ਰੁਪਏ ਦੇਣ ਦਾ ਐਲਾਨ ਕੀਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਜਸਪਾਲ ਸਿੰਘ ਦੀ ਸੁਲਤਾਨਪੁਰ ਲੋਧੀ ਵਿਖੇ ਆਪਣੀ ਡਿਊਟੀ ਨਿਭਾਉਂਦੇ ਸਮੇਂ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਦੋ ਕਰੋੜ ਦੀ ਰਾਸ਼ੀ ਵਿੱਚੋਂ ਸੂਬਾ ਸਰਕਾਰ ਵੱਲੋਂ ਇਕ ਕਰੋੜ ਰਪਏ ਐਕਸ-ਗ੍ਰੇਸ਼ੀਆ ਵਜੋਂ ਜਦਕਿ ਇਕ ਕਰੋੜ ਰੁਪਏ ਐਚ.ਡੀ.ਐਫ.ਸੀ. ਵੱਲੋਂ ਬੀਮਾ ਰਾਸ਼ੀ ਵਜੋਂ ਦਿੱਤੇ ਜਾਣਗੇ। ਇਹ ਉਪਰਾਲਾ ਸੂਬੇ ਵਿੱਚ ਅਮਨ-ਕਾਨੂੰਨ ਦੀ ਵਿਵਸਥਾ ਨੂੰ ਕਾਇਮ ਰੱਖਣ ਲਈ ਇਸ ਸਪੂਤ ਦੇ ਮਹਾਨ ਯੋਗਦਾਨ ਦੇ ਸਤਿਕਾਰ ਵਿੱਚ ਹੈ। ਇਸ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਹਥਿਆਰਬੰਦ ਸੈਨਾਵਾਂ, ਨੀਮ ਫੌਜੀ ਬਲਾਂ ਅਤੇ ਪੁਲਿਸ ਦੀ ਭਲਾਈ ਲਈ ਵਚਨਬੱਧ ਹੈ ਜਿਸ ਦੇ ਤਹਿਤ ਜਸਪਾਲ ਸਿੰਘ ਦੇ ਪਰਿਵਾਰ ਨੂੰ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਗਈ ਹੈ। ਮਾਨ ਨੇ ਉਮੀਦ ਜ਼ਾਹਰ ਕੀਤੀ ਕਿ ਇਸ ਨਿਮਾਣੇ ਜਿਹੇ ਉਪਰਾਲੇ ਨਾਲ ਜਿੱਥੇ ਪੀੜਤ ਪਰਿਵਾਰ ਨੂੰ ਮਦਦ ਮਿਲੇਗੀ, ਉਥੇ ਹੀ ਉਨ੍ਹਾਂ ਦੇ ਭਵਿੱਖ ਨੂੰ ਸੁਰੱਖਿਅਤ ਬਣਾਇਆ ਜਾ ਸਕੇਗਾ।

ਘਟਨਾ ਮੰਦਭਾਗੀ : ਧਾਮੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਗੁਰਦੁਆਰਾ ਅਕਾਲ ਬੁੰਗਾ ਸਾਹਿਬ ਯਾਦਗਾਰ ਨਵਾਬ ਕਪੂਰ ਸਿੰਘ ਛਾਉਣੀ ਨਿਹੰਗ ਸਿੰਘਾਂ ਸੁਲਤਾਨਪੁਰ ਲੋਧੀ ਵਿਖੇ ਹੋਏ ਟਕਰਾਅ ਦੀ ਘਟਨਾ ਨੂੰ ਮੰਦਭਾਗਾ ਕਰਾਰ ਦਿੱਤਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ

● ਬਾਕੀ ਸਫ਼ਾ 2 'ਤੇ

ਫਾਤਿਮਾ ਬੀਵੀ ਨਹੀਂ ਰਹੇ

ਕੋਲੱਮ (ਕੇਰਲਾ) : ਸੁਪਰੀਮ ਕੋਰਟ ਦੀ ਪਹਿਲੀ ਮਹਿਲਾ ਜੱਜ ਅਤੇ ਤਾਮਿਲਨਾਡੂ ਦੀ ਸਾਬਕਾ ਰਾਜਪਾਲ ਜਸਟਿਸ ਫਾਤਿਮਾ ਬੀਵੀ (96) ਦਾ ਵੀਰਵਾਰ ਇੱਥੇ ਨਿੱਜੀ ਹਸਪਤਾਲ 'ਚ ਦੇਹਾਂਤ ਹੋ ਗਿਆ।

ਮਹਾਦੇਵ ਸੱਟੇਬਾਜ਼ੀ ਐਪ ਦੀ ਜਾਂਚ ਮੁੰਬਈ ਕ੍ਰਾਈਮ ਬੈਂਚ ਹਵਾਲੇ

ਮੁੰਬਈ : ਮਹਾਦੇਵ ਸੱਟੇਬਾਜ਼ੀ ਐਪ ਨਾਲ ਸੰਬੰਧਤ 15,000 ਕਰੋੜ ਰੁਪਏ ਦੇ ਕਥਿਤ ਜੂਏ ਅਤੇ ਸਾਈਬਰ ਧੋਖਾਧੜੀ ਦੀ ਐੱਫ ਆਈ ਆਰ ਦੀ ਜਾਂਚ ਮੁੰਬਈ ਕ੍ਰਾਈਮ ਬ੍ਰਾਂਚ ਨੂੰ ਸੌਂਪ ਦਿੱਤੀ ਗਈ ਹੈ। 2019 ਤੋਂ ਕਥਿਤ ਤੌਰ 'ਤੇ ਧੋਖਾਧੜੀ ਕਰਨ ਲਈ ਐਪ ਦੇ ਪ੍ਰਮੋਟਰ ਸੌਰਭ ਚੰਦਰਾਕਰ, ਰਵੀ ਉੱਪਲ, ਸ਼ੁਭਮ ਸੋਨੀ ਅਤੇ ਹੋਰਾਂ ਸਮੇਤ 32 ਵਿਅਕਤੀਆਂ ਖਿਲਾਫ ਇਸ ਮਹੀਨੇ ਦੇ ਸ਼ੁਰੂ 'ਚ ਮੁੰਬਈ ਦੇ ਮਾਟੁੰਗਾ ਥਾਣੇ 'ਚ ਐੱਫ ਆਈ ਆਰ ਦਰਜ ਕੀਤੀ ਗਈ ਸੀ।

ਡੀਪ ਫੇਕ ਰੋਕਣ 'ਤੇ ਸਹਿਮਤੀ

ਨਵੀਂ ਦਿੱਲੀ : ਕੇਂਦਰੀ ਸੰਚਾਰ ਅਤੇ ਸੂਚਨਾ ਤਕਨਾਲੋਜੀ ਮੰਤਰੀ ਅਸ਼ਵਿਨੀ ਵੈਸ਼ਨਵ ਨੇ ਸੋਸ਼ਲ ਮੀਡੀਆ ਪਲੇਟਫਾਰਮਾਂ ਦੇ ਪ੍ਰਤੀਨਿਧੀਆਂ ਨਾਲ ਮੀਟਿੰਗ ਤੋਂ ਬਾਅਦ ਕਿਹਾ ਕਿ ਡੀਪ ਫੇਕ ਲੋਕਤੰਤਰ ਲਈ ਨਵੇਂ ਖਤਰੇ ਵਜੋਂ ਉਭਰਿਆ ਹੈ। ਇਸ ਨਾਲ ਨਜਿੱਠਣ ਲਈ ਸਰਕਾਰ ਜਲਦ ਹੀ ਨਵੇਂ ਨਿਯਮ ਲਿਆ ਰਹੀ ਹੈ। ਮੰਤਰੀ ਨੇ ਦਾਅਵਾ ਕੀਤਾ ਕਿ ਸੋਸ਼ਲ ਮੀਡੀਆ ਮੰਚ ਇਸ ਗੱਲ 'ਤੇ ਸਹਿਮਤ ਹਨ ਕਿ ਡੀਪ ਫੇਕ ਦਾ ਪਤਾ ਲਾਉਣ ਤੇ ਉਸ ਨੂੰ ਰੋਕਣ ਲਈ ਸਪੱਸ਼ਟ ਕਾਰਵਾਈ ਦੀ ਲੋੜ ਹੈ। ਉਨ੍ਹਾ ਕਿਹਾ ਕਿ ਮਾਮਲੇ 'ਤੇ ਅਗਲੀ ਚਰਚਾ ਦਸੰਬਰ 'ਚ ਹੋਵੇਗੀ।

ਵਾਹਨ 'ਚ ਧਮਾਕੇ ਨਾਲ 2 ਮੌਤਾਂ

ਨਿਊਯਾਰਕ : ਅਮਰੀਕਾ ਤੋਂ ਅਮਰੀਕਾ-ਕੈਨੇਡਾ ਵਿਚਾਲੇ ਪੁਲ ਵੱਲ ਤੇਜ਼ ਰਫਤਾਰ ਨਾਲ ਜਾ ਰਿਹਾ ਵਾਹਨ ਨਿਆਗਰਾ ਫਾਲਜ਼ ਚੈਕਪੁਆਇੰਟ ਨੇੜੇ ਹਾਦਸਾਗ੍ਰਸਤ ਹੋ ਗਿਆ ਅਤੇ ਫਿਰ ਉਸ 'ਚ ਧਮਾਕਾ ਹੋਣ ਕਾਰਨ ਦੋ ਵਿਅਕਤੀਆਂ ਦੀ ਮੌਤ ਹੋ ਗਈ। ਇਸ ਘਟਨਾ ਤੋਂ ਬਾਅਦ ਕਈ ਬਾਰਡਰ ਕਰਾਸਿੰਗ ਰੂਟਾਂ ਨੂੰ ਕੁਝ ਘੰਟਿਆਂ ਲਈ ਬੰਦ ਕਰਨਾ ਪਿਆ। ਅਧਿਕਾਰੀਆਂ ਨੇ ਕਿਹਾ ਕਿ ਅਜਿਹਾ ਕੋਈ ਸੰਕੇਤ ਨਹੀਂ ਹੈ ਕਿ ਇਹ ਅੱਤਵਾਦੀ ਘਟਨਾ ਸੀ।

ਰੰਗਦਾਰ ਵਿਸ਼ੇਸ਼ ਸਪਲੀਮੈਂਟ

ਬਾਬਾ ਸ਼ਾਮ ਸਿੰਘ ਜੀ ਪਿੰਡ ਨਾਰਲਾ ਦੇ ਸਾਲਾਨਾ ਜੋੜ ਮੇਲੇ ਨੂੰ ਸਮਰਪਿਤ **ਭਿੱਖੀਵਿੰਡ** ਤੋਂ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਪੱਤਰਕਾਰ **ਲਖਵਿੰਦਰ ਸਿੰਘ ਗੋਲਣ** ਨਾਲ ਮੋਬਾਇਲ ਨੰਬਰ 98147-70122 'ਤੇ ਸੰਪਰਕ ਕੀਤਾ ਜਾ ਸਕਦਾ ਹੈ।

-ਜਨਰਲ ਮੈਨੇਜਰ

ਪ੍ਰਕਾਸ਼ ਪੁਰਬ ਵਿਸ਼ੇਸ਼ ਸਪਲੀਮੈਂਟ

ਅਸ਼ੋਕ ਸ਼ਰਮਾ ਫਿਰੋਜ਼ਪੁਰ 81468-22544
ਅਮਰਜੀਤ ਬੱਬਰੀ ਮੋਗਾ 94630-83363
ਦਰਸ਼ਨ ਜਿੰਦਲ ਰਾਮਪੁਰਾ ਫੂਲ 94172-27460
ਜਸਬੀਰ ਕੰਬੋਜ ਮਮਦੋਟ 98550-12590
ਮਨਦੀਪ ਕੁਮਾਰ ਕੋਹਲੀ ਕਲਾਨੌਰ 98154-22070
ਦਵਿੰਦਰ ਸੈਣੀ ਪਠਾਨਕੋਟ 95305-91456

ਸੁਖਤਿੰਦਰ ਸਿੰਘ ਅਜਨਾਲਾ 99145-08940
ਮਨਜੀਤ ਮਾਨ ਕਪੂਰਥਲਾ 98728-88995

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤੇ ਜਾ ਰਹੇ ਹਨ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਇਨ੍ਹਾਂ ਪੱਤਰਕਾਰਾਂ ਨਾਲ ਸੰਪਰਕ ਕੀਤਾ ਜਾਵੇ।

-ਜਨਰਲ ਮੈਨੇਜਰ

ਵਹਿਸ਼ੀਆਨਾ ਕਤਲ

ਨਵੀਂ ਦਿੱਲੀ : ਸਥਾਨਕ ਵੈਲਕਮ ਕਾਲੋਨੀ 'ਚ ਪਿਛਲੇ ਹਫਤੇ 16 ਸਾਲਾ ਸ਼ਰਾਬੀ ਨੇ ਇੱਕ ਹੋਰ 17 ਸਾਲਾ ਅੱਲ੍ਹੜ 'ਤੇ ਚਾਕੂ ਨਾਲ 55 ਵਾਰ ਹਮਲਾ ਕਰਕੇ ਉਸ ਦਾ ਗਲਾ ਵੱਢ ਦਿੱਤਾ ਅਤੇ ਨੱਚਦੇ ਹੋਏ ਲਾਸ਼ ਨੂੰ ਸੜਕ 'ਤੇ ਘਸੀਸਿਆ। ਉਸ ਨੇ ਪੇਚਕਸ ਦੀ ਤਰ੍ਹਾਂ ਚਾਕੂ ਨੂੰ ਕੰਨ ਵਿਚ ਘੁਮਾਇਆ। ਮੌਤ ਤੋਂ ਬਾਅਦ ਵੀ ਵਾਰ-ਵਾਰ ਚਾਕੂ ਨਾਲ ਵਾਰ ਕੀਤਾ। ਪੁਲਸ ਨੇ ਦੱਸਿਆ ਕਿ ਮੰਗਲਵਾਰ ਨੂੰ ਜਨਤਾ ਮਜ਼ਦੂਰ ਕਾਲੋਨੀ 'ਚ ਇਸ ਕਤਲ ਦੀ ਭਿਆਨਕ ਤਸਵੀਰ ਉਥੇ ਲੱਗੇ ਸੀ ਸੀ ਟੀ ਵੀ ਕੈਮਰੇ 'ਚ ਕੈਦ ਹੋ ਗਈ। 2.23 ਮਿੰਟ ਦੀ ਫੁਟੇਜ਼ 'ਚ ਮੁਲਜ਼ਮ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਧਮਕੀਆਂ ਦਿੰਦਾ ਨਜ਼ਰ ਆ ਰਿਹਾ ਹੈ। ਮੁਲਜ਼ਮ ਨੇ ਕਬੂਲ ਕੀਤਾ ਕਿ ਉਹ ਉਸ ਅੱਲ੍ਹੜ ਨੂੰ ਨਹੀਂ ਜਾਣਦਾ ਸੀ, ਜਿਸ ਤੋਂ ਉਸ ਨੇ ਬਿਰਯਾਨੀ ਖਰੀਦਣ ਲਈ ਪੈਸੇ ਮੰਗੇ ਸਨ।

ਹਵਾ ਵਾਲੀ ਟੈਂਕੀ ਫਟਣ ਨਾਲ ਨੌਜਵਾਨ ਦੀ ਮੌਤ

ਸੁਨਾਮ ਊਧਮ ਸਿੰਘ ਵਾਲਾ : ਵੀਰਵਾਰ ਸੁਨਾਮ-ਨਮੋਲ ਸੜਕ 'ਤੇ ਲੁੱਕ ਪਲਾਂਟ 'ਚ ਹਵਾ ਵਾਲੀ ਟੈਂਕੀ ਫਟਣ ਕਾਰਨ ਨੌਜਵਾਨ ਦੀ ਮੌਤ ਹੋ ਗਈ। ਸਵੇਰੇ ਕਰੀਬ ਅੱਠ ਵਜੇ ਸੁਨਾਮ-ਨਮੋਲ ਸੜਕ 'ਤੇ ਨੌਜਵਾਨ ਪੀਟਰ ਰੇਹੜੇ ਉੱਤੇ ਫਿੱਟ ਕੀਤੀ ਹਵਾ ਵਾਲੀ ਟੈਂਕੀ ਲੈ ਕੇ ਟਰੱਕ ਦਾ ਪੰਕਚਰ ਲਾਉਣ ਗਿਆ ਸੀ। ਜਦੋਂ ਉਹ ਟਰੱਕ ਦੇ ਟਾਇਰ 'ਚ ਹਵਾ ਭਰ ਰਿਹਾ ਸੀ ਟੈਂਕੀ ਵਿਚ ਪ੍ਰੈਸ਼ਰ ਜ਼ਿਆਦਾ ਹੋਣ ਕਾਰਨ ਉਹ ਫਟ ਗਈ ਅਤੇ ਨੌਜਵਾਨ ਬੱਬਨਜੀਤ ਸਿੰਘ (23) ਪੁੱਤਰ ਨਿੱਕਾ ਸਿੰਘ ਵਾਸੀ ਗੁੱਝਾ ਪੀਰ ਬਸਤੀ ਸੁਨਾਮ ਦੀ ਮੌਕੇ 'ਤੇ ਹੀ ਮੌਤ ਹੋ ਗਈ।

ਮਜ਼ਦੂਰਾਂ ਨੂੰ ਬਚਾਉਣ ਦੀ ਕੋਸ਼ਿਸ਼ ਆਖਰੀ ਪੜਾਅ 'ਚ

ਉੱਤਰਕਾਸ਼ੀ : ਉੱਤਰਾਖੰਡ ਵਿਚ ਸਿਲਕਿਆਰਾ ਸੁਰੰਗ ਵਿਚ 12 ਨਵੰਬਰ ਤੋਂ ਫਸੇ 41 ਮਜ਼ਦੂਰਾਂ ਨੂੰ ਬਚਾਉਣ ਦੀ ਕੋਸ਼ਿਸ਼ ਆਖਰੀ ਪੜਾਅ 'ਚ ਹੈ। ਵੀਰਵਾਰ ਬਾਅਦ ਦੁਪਹਿਰ ਸਵਾ ਇਕ ਵਜੇ ਮਜ਼ਦੂਰਾਂ ਤਕ ਪੁੱਜਣ ਲਈ ਬਾਕੀ

ਐਮੀਨੈਂਟ ਸਮਾਰਟ ਸਕੂਲ ਸੁੱਖੇਵਾਲ 'ਚ 7ਵਾਂ ਸਾਲਾਨਾ ਸਮਾਗਮ

ਨਾਭਾ (ਵਰਿੰਦਰ ਵਰਮਾ)-ਰੋਟਰੀ ਕਲੱਬ ਨਾਭਾ ਵਿਖੇ ਐਮੀਨੈਂਟ ਸਮਾਰਟ ਸਕੂਲ ਸੁੱਖੇਵਾਲ ਵੱਲੋਂ 7ਵਾਂ ਸਾਲਾਨਾ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਤਰਸੇਮ ਚੰਦ ਐੱਸਡੀਐੱਮ ਨਾਭਾ, ਦਵਿੰਦਰ ਕੁਮਾਰ ਅੱਤਰੀ ਡੀਐੱਸਪੀ ਨਾਭਾ ਅਤੇ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦੇ ਭਰਾ ਕਪਿਲ ਮਾਨ ਨੇ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਸਕੂਲ ਦੇ ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਗਏ ਰੰਗਾ-ਰੰਗ ਪ੍ਰੋਗਰਾਮ ਦੀ ਸ਼ਲਾਘਾ ਕੀਤੀ। ਇਸ ਸਮਾਗਮ ਵਿੱਚ ਸਕੂਲ ਦੇ ਬੱਚਿਆਂ ਵੱਲੋਂ ਗਿੱਧਾ, ਭੰਗੜਾ ਅਤੇ ਸਕਿਟਾਂ ਰਾਹੀਂ ਕਲਾ ਦੇ ਜੌਹਰ ਵਿਖਾਏ ਗਏ। ਇਸ ਮੌਕੇ ਸਕੂਲ ਦੇ ਪ੍ਰਬੰਧਕ ਪ੍ਰੋ. ਧਰਮਿੰਦਰ ਸਿੰਘ ਸੁੱਖੇਵਾਲ ਅਤੇ ਪ੍ਰਿੰ. ਇੰਜੀ. ਚਰਨਪ੍ਰੀਤ ਕੌਰ ਨੇ ਆਏ ਹੋਏ ਮਹਿਮਾਨਾਂ ਅਤੇ ਮਾਪਿਆਂ ਦਾ ਧੰਨਵਾਦ ਕੀਤਾ ਅਤੇ ਮੁੱਖ ਮਹਿਮਾਨ ਅਤੇ ਹੋਰ ਸ਼ਖਸੀਅਤਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇਜਿੰਦਰ ਸਿੰਘ ਖਹਿਰਾ, ਗੁਰਪ੍ਰੀਤ ਸਿੰਘ ਭਿੰਡਰ ਐੱਸਐੱਚਓ ਸਦਰ ਥਾਣਾ, ਗੁਰਪ੍ਰੀਤ ਸਿੰਘ ਸਮਰਾਉ ਐੱਸਐੱਚਓ ਕੋਤਵਾਲੀ ਨਾਭਾ, ਡਾ. ਸੰਜੇ ਗੋਇਲ ਐੱਸਐੱਮਓ ਨਾਭਾ ਨੇ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ। ਇਸ ਸਮਾਗਮ ਵਿੱਚ ਮਨਪ੍ਰੀਤ ਸਿੰਘ ਕਾਲੀਆ, ਜਸਵੀਰ ਸਿੰਘ ਵਜੀਦਪੁਰ, ਭੁਪਿੰਦਰ ਸਿੰਘ ਕੱਲਰ ਮਾਜਰੀ, ਗੁਰਿੰਦਰ ਸਿੰਘ ਕੁਲਾਰਾਂ, ਸੋਨੀ ਨਿਰਮਾਣਾ, ਪ੍ਰਭ ਰਾਮਗੜ੍ਹੀਆ, ਸੋਨੂ ਸ਼ਰਮਾ ਅਤੇ ਵੱਡੀ ਗਿਣਤੀ ਵਿੱਚ ਬੱਚਿਆਂ ਦੇ ਮਾਪੇ ਮੌਜੂਦ ਸਨ।

ਕਿਸਾਨੀ ਸੰਘਰਸ਼ ਦੀ ਵਰ੍ਹੇਗੰਢ ਮਨਾਵੇਗਾ ਸੰਯੁਕਤ ਸਮਾਜ ਮੋਰਚਾ : ਅਨਜਾਨ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਪੰਜਾਬ ਦੇ ਗਲੀਆਂ ਮੁਹੱਲਿਆਂ ਤੋਂ ਚੱਲਿਆ ਕਿਸਾਨ ਅੰਦੋਲਨ ਪੂਰੇ ਦੇਸ਼ ਦਾ ਅੰਦੋਲਨ ਬਣ ਜਾਵੇਗਾ ਸਰਕਾਰਾਂ ਨੇ ਕਦੇ ਸੋਚਿਆ ਵੀ ਨਹੀਂ ਸੀ। ਹਲਕਾ ਫਿਰੋਜ਼ਪੁਰ ਦਿਹਾਤੀ ਤੋਂ ਸੰਯੁਕਤ ਸਮਾਜ ਮੋਰਚਾ ਦੇ ਉਮੀਦਵਾਰ ਅਤੇ ਸੰਯੁਕਤ ਸਮਾਜ ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਮੋੜਾ ਸਿੰਘ ਅਨਜਾਨ ਨੇ ਕਿਹਾ ਦਿੱਲੀ ਦੇ ਦਰਵਾਜ਼ਿਆਂ ਨੂੰ ਲੰਬੇ ਸਮੇਂ ਤੱਕ ਬੰਦ ਕਰਕੇ ਰੱਖਿਆ ਬਿਨਾਂ ਕਿਸੇ ਮੌਸਮ ਦੀ ਪ੍ਰਵਾਹ ਕੀਤੇ, ਠੰਡ ਗਰਮੀ ਮੀਂਹ ਹਨੇਰੀਆਂ ਨੂੰ ਝੱਲਦਿਆਂ ਆਮ ਲੋਕਾਂ ਵੱਲੋਂ ਲੜਿਆ ਜਾਣ ਵਾਲਾ ਸੰਘਰਸ਼ ਜਿੱਤਣਾ ਕੋਈ ਸੌਖੀ ਗੱਲ ਨਹੀਂ ਸੀ। ਭਾਰਤ ਦੇ ਇਤਿਹਾਸ ਦਾ ਸਭ ਤੋਂ ਲੰਬਾ ਤੇ ਸਭ ਤੋਂ ਵੱਡਾ ਅੰਦੋਲਨ ਕਿਸਾਨ ਅੰਦੋਲਨ ਜਿਸ ਵਿੱਚ ਸੱਤ ਸੌ ਦੇ ਕਰੀਬ ਕਿਸਾਨਾਂ ਨੇ ਸ਼ਹੀਦੀ ਪ੍ਰਾਪਤ ਕੀਤੀ ਸਰਕਾਰ ਦੀ ਤਾਨਾਸ਼ਾਹੀ ਖਿਲਾਫ ਹੌਂਸਲਾ ਨਹੀਂ ਹਾਰਿਆ। ਅਖੀਰ ਮੋਦੀ ਸਰਕਾਰ ਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੂਰਬ ਤੇ ਖੇਤੀ ਸਬੰਧੀ ਤਿੰਨ ਕਾਲੇ ਕਾਨੂੰਨ ਵਾਪਸ ਲੈਣ ਦਾ ਨਿਰਣਾ ਲਿਆ, ਪਰ ਅਫਸੋਸ ਦੀ ਗੱਲ ਏਨੇ ਵੱਡੇ ਸੰਘਰਸ਼ ਦੀ ਜਿੱਤ ਨੂੰ ਸਰਕਾਰਾਂ ਤੇ ਲੋਕਾਂ ਵੱਲੋਂ ਅਣਗੌਲਿਆਂ ਕਰ ਦਿੱਤਾ। ਮੋੜਾ ਸਿੰਘ ਅਨਜਾਨ ਨੇ ਕਿਹਾ ਕੇ ਸੰਯੁਕਤ ਸਮਾਜ ਮੋਰਚਾ ਦੀ ਕੋਰ ਕਮੇਟੀ ਵੱਲੋਂ ਇਹ ਫੈਸਲਾ ਲਿਆ ਗਿਆ ਹੈ ਕੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੂਰਬ ਤੇ ਇਸ ਸਾਲ ਸੰਯੁਕਤ ਸਮਾਜ ਮੋਰਚਾ ਵੱਲੋਂ ਚੰਡੀਗੜ੍ਹ ਵਿਖੇ ਕਿਸਾਨ ਅੰਦੋਲਨ ਦੀ ਜਿੱਤ ਦੀ ਵਰ੍ਹੇਗੰਢ ਮਨਾਈ ਜਾਵੇਗੀ। ਜਿਸ ਵਿਚ ਦੇਸ਼ ਦੀਆਂ ਵੱਖ ਵੱਖ ਸ਼ਖਸੀਅਤਾਂ ਵੱਲੋਂ ਸ਼ਹੀਦਾਂ ਨੂੰ ਯਾਦ ਕੀਤਾ ਜਾਵੇਗਾ ਤੇ ਵਿਚਾਰ ਗੋਸ਼ਟੀ ਕੀਤੀ ਜਾਵੇਗੀ। ਇਸ ਸਮੇਂ ਉਨ੍ਹਾਂ ਨਾਲ ਜਗਜੀਤ ਸਿੰਘ ਕਾਦਾਬੋਜ਼ਾ, ਮਨਪ੍ਰੀਤ ਸਿੰਘ, ਗੁਰਸੇਵਕ ਸਿੰਘ ਸਿਆਲ, ਧੀਰਜ ਸਿੰਘ ਫਿਰੋਜ਼ਸ਼ਾਹ, ਬਲਦੇਵ ਸਿੰਘ ਵਾਹਗੇਵਾਲਾ ਆਦਿ ਹਾਜ਼ਰ ਸਨ।

ਸਰਕਾਰੀ ਸਕੂਲ ਬਡਬਰ ਦੇ ਵਿਦਿਆਰਥੀ ਖੇਡਾਂ 'ਚ ਛਾਏ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਜ਼ਿਲ੍ਹਾ ਸਿੱਖਿਆ ਅਫਸਰ ਬਰਨਾਲਾ ਸ਼ਮਸ਼ੇਰ ਸਿੰਘ, ਉਪ-ਜ਼ਿਲ੍ਹਾ ਸਿੱਖਿਆ ਅਫਸਰ ਨੈਸ਼ਨਲ ਐਵਾਰਡੀ ਡਾ. ਬਰਜਿੰਦਰਪਾਲ ਸਿੰਘ ਦੀ ਯੋਗ ਰਹਿਨੁਮਾਈ ਹੇਠ ਤੇ ਡੀ.ਡੀ.ਓ-ਕਮ-ਪ੍ਰਿੰਸੀਪਲ ਨਿਧਾ ਅਲਤਾਫ ਅਤੇ ਸਕੂਲ ਪ੍ਰਿੰਸੀਪਲ ਜਸਬੀਰ ਸਿੰਘ ਦੀ ਯੋਗ ਅਗਵਾਈ ਹੇਠ ਡੀ ਪੀ ਈ ਪਰਮਜੀਤ ਕੌਰ ਦੇ ਮਾਰਗਦਰਸ਼ਨ ਰਾਹੀਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਡਬਰ ਦੇ ਵਿਦਿਆਰਥੀ ਅੰਡਰ-17 ਵਿੱਚ ਜ਼ੋਨ ਪੱਧਰੀ ਅਥਲੈਟਿਕਸ ਵਿੱਚ ਚੈਂਪੀਅਨਸ਼ਿਪ ਪ੍ਰਾਪਤ ਕਰਦੇ ਹੋਏ ਜੇਤੂ ਰਹੇ। ਇਸੇ ਲੜੀ ਤਹਿਤ ਪੰਜ ਕਿਲੋਮੀਟਰ ਵਾਕ ਵਿੱਚ ਗੁਰਦੀਪ ਸਿੰਘ ਨੇ ਜ਼ਿਲ੍ਹਾ ਪੱਧਰ ਤੇ ਦੂਜਾ ਸਥਾਨ ਹਾਸਲ ਕਰਦੇ ਹੋਏ ਸਟੇਟ ਵਿੱਚ ਆਪਣੀ ਜਗ੍ਹਾ ਬਣਾਈ। ਮੈਡਮ ਪਰਮਜੀਤ ਕੌਰ ਨੇ ਦੱਸਿਆ ਕਿ ਵਿਦਿਆਰਥੀ ਖੇਡਾਂ ਦੇ ਖੇਤਰ ਵਿੱਚ ਲਗਾਤਾਰ ਮੱਲਾਂ ਮਾਰ ਰਹੇ ਹਨ। ਇਸ ਤੋਂ ਪਹਿਲਾਂ ਵੀ 67ਵੀਆਂ ਪੰਜਾਬ ਰਾਜ ਖੇਡਾਂ ਅਤੇ ਖੇਡਾਂ ਵਤਨ ਪੰਜਾਬ ਦੀਆਂ ਵਿੱਚ ਵੀ ਵਿਦਿਆਰਥੀ ਜੇਤੂ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਕਾਰਜ ਲਈ ਸਕੂਲ, ਪਿੰਡ ਵਾਸੀਆਂ ਅਤੇ ਖਿਡਾਰੀ ਵਿਦਿਆਰਥੀਆਂ ਦੇ ਮਾਪਿਆਂ ਦਾ ਪੂਰਨ ਸਹਿਯੋਗ ਮਿਲ ਰਿਹਾ ਹੈ। ਸਕੂਲ ਪ੍ਰਿੰਸੀਪਲ ਜਸਬੀਰ ਸਿੰਘ ਨੇ ਕਿਹਾ ਕਿ ਵਿਦਿਆਰਥੀਆਂ ਦੁਆਰਾ ਜ਼ੋਨ ਪੱਧਰ ਤੋਂ ਲੈ ਕੇ ਜ਼ਿਲ੍ਹਾ ਪੱਧਰ ਅਤੇ ਸਟੇਟ ਪੱਧਰ ਤੱਕ ਜੇਤੂ ਹੋਣਾ ਸੰਸਥਾ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

ਰੂਪ ਵਾਟਿਕਾ ਸਕੂਲ 'ਚ ਸੈਮੀਨਾਰ

ਜਗਰਾਉਂ (ਅਮਿਤ ਖੰਨਾ)-ਰੂਪ ਵਾਟਿਕਾ ਸੀਨੀਅਰ ਸੈਕੰਡਰੀ ਸਕੂਲ ਵਿੱਚ ਇੱਕ ਸੈਮੀਨਾਰ ਕਰਵਾਇਆ ਗਿਆ ਜਿਸ ਵਿੱਚ ਕੰਪਿਊਟਰ ਬੇਸਡ ਅਕਾਊਂਟਿੰਗ ਦੇ ਫਾਇਦੇ ਦੱਸੇ ਗਏ। ਡੀ ਏ ਵੀ ਕਾਲਜ ਜਗਰਾਉਂ ਤੋਂ ਪ੍ਰੋਫੈਸਰ ਪ੍ਰਿਅੰਕਾ ਨੇ ਦੱਸਿਆ ਕਿ ਕੰਪਿਊਟਰ ਦੀ ਵਰਤੋਂ ਨਾਲ ਖਾਤਿਆਂ ਵਿੱਚ ਕੰਮ ਨੂੰ ਆਸਾਨ ਅਤੇ ਬਿਹਤਰ ਕਿਵੇਂ ਬਣਾਇਆ ਜਾ ਸਕਦਾ ਹੈ। ਉਨ੍ਹਾਂ ਨੇ ਦਿਖਾਇਆ ਕਿ ਇਹ ਕੰਪਿਊਟਰ ਪ੍ਰੋਗਰਾਮ ਬਹੁਤ ਤੇਜ਼ੀ ਨਾਲ ਗਣਿਤ ਕਰ ਸਕਦੇ ਹਨ ਅਤੇ ਪੈਸੇ ਖਰਚਣ ਨੂੰ ਬਹੁਤ ਵਧੀਆ ਢੰਗ ਨਾਲ ਟਰੈਕ ਕਰ ਸਕਦੇ ਹਨ। ਸਭ ਤੋਂ ਵਧੀਆ ਚੀਜ਼ ਕਿ ਉਹ ਇਨਸਾਨਾਂ ਨਾਲੋਂ ਘੱਟ ਗਲਤੀਆਂ ਕਰਦੇ ਹਨ। ਸਕੂਲ ਦੀ ਮੁੱਖ ਅਧਿਆਪਕਾ ਵਿੰਮੀ ਠਾਕੁਰਨੇ ਪ੍ਰੋਫੈਸਰ ਪ੍ਰਿਅੰਕਾ ਦਾ ਤਹਿ ਦਿਲੋਂ ਧੰਨਵਾਦ ਕੀਤਾ।

ਸ਼੍ਰੋਮਣੀ ਭਗਤ ਬਾਬਾ ਨਾਮਦੇਵ ਜੀ ਦਾ ਪ੍ਰਕਾਸ਼ ਗੁਰਪੁਰਬ ਸ਼ਰਧਾ ਨਾਲ ਮਨਾਇਆ

ਮੁਕਤਸਰ (ਸ਼ਮਿੰਦਰਪਾਲ, ਪੂਜਾ)-ਭਗਤੀ ਲਹਿਰ ਦੇ ਬਾਨੀ ਬ੍ਰਹਮ ਗਿਆਨੀ ਸ਼੍ਰੋਮਣੀ ਭਗਤ ਬਾਬਾ ਨਾਮਦੇਵ ਜੀ ਦਾ 753 ਵਾਂ ਪ੍ਰਕਾਸ਼ ਗੁਰਪੁਰਬ ਟਾਂਕ ਕਸ਼ੱਤਰੀ ਸਭਾ ਸ੍ਰੀ ਮੁਕਤਸਰ ਸਾਹਿਬ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸਥਾਨਕ ਕੱਚਾ ਥਾਂਦੇਵਾਲਾ ਰੋੜ 'ਤੇ ਸਥਿਤ ਬਾਬਾ ਨਾਮਦੇਵ ਭਵਨ ਵਿਖੇ ਬੜੀ ਸ਼ਰਧਾ ਅਤੇ ਸਤਿਕਾਰ ਸਹਿਤ ਮਨਾਇਆ ਗਿਆ। ਸਮਾਗਮ ਦੌਰਾਨ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਗੁਰਦੁਆਰਾ ਸ੍ਰੀ ਟੁੱਟੀ ਗੰਢੀ ਦਰਬਾਰ ਸਾਹਿਬ ਸ੍ਰੀ ਮੁਕਤਸਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗੁਰਜੀਤ ਸਿੰਘ ਦੇ ਕੀਰਤਨੀ ਜਥੇ ਅਤੇ ਭਾਈ ਸਤਨਾਮ ਸਿੰਘ ਬਾਵਾ ਦੇ ਕੀਰਤਨੀ ਜਥਿਆਂ ਵਲੋਂ ਬਾਬਾ ਨਾਮਦੇਵ ਜੀ ਦੀ ਬਾਣੀ ਦਾ ਰਸਭਿੰਨਾ ਕੀਰਤਨ ਕੀਤਾ ਗਿਆ। ਭਾਈ ਜਗਬੀਰ ਸਿੰਘ ਕਥਾਵਾਚਕ ਨੇ ਬਾਬਾ ਨਾਮਦੇਵ ਜੀ ਦੇ ਜੀਵਨ ਬਾਰੇ ਕਥਾ ਕਰਕੇ ਸੰਗਤਾਂ ਨੂੰ ਗੁਰੂ ਘਰ ਨਾਲ ਜੋੜਿਆ। ਭਵਨ ਦੇ ਹੈਡ ਗ੍ਰੰਥੀ ਭਾਈ ਰਛਪਾਲ ਸਿੰਘ ਬਾਵਾ ਨੇ ਸਰਬੱਤ ਦੇ ਭਲੇ ਲਈ ਅਰਦਾਸ ਕਰਕੇ ਹੁਕਮਨਾਮਾ ਲਿਆ। ਸਮਾਗਮ ਦੌਰਾਨ ਆਮ ਆਦਮੀ ਪਾਰਟੀ ਦੇ ਹਲਕਾ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ, ਕੱਚਾ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਮਨਜਿੰਦਰ ਸਿੰਘ ਕਾਕਾ ਉੜਾਗ, ਪਲਾਇਨਿੰਗ ਬੋਰਡ ਦੇ ਚੇਅਰਮੈਨ ਸੁਖਜਿੰਦਰ ਸਿੰਘ ਕਾਉਣੀ, ਮਨਪ੍ਰੀਤ ਸਿੰਘ ਪ੍ਰਿਸ ਸਟਾਈਲ, ਡਾ. ਅਰਵਿੰਦਰ ਸਿੰਘ ਫਿਰੋਜ਼ਪੁਰ ਨੇ ਹਾਜ਼ਰੀ ਲਵਾਈ। ਇਸ ਸਮੇਂ ਐਮ ਐਲ ਏ ਕਾਕਾ ਬਰਾੜ ਨੇ ਇਕੱਤੀ ਹਜ਼ਾਰ ਰੁਪਏ ਭਵਨ ਕਮੇਟੀ ਨੂੰ ਦੇਣ ਦਾ ਐਲਾਨ ਕੀਤਾ। ਇਸ ਸਮੇ ਟਾਂਕ ਕਸ਼ੱਤਰੀ ਸਭਾ ਦੇ ਸਰਪ੍ਰਸਤ ਨਿਰੰਜਣ ਸਿੰਘ ਰੱਖਰਾ ਨੇ ਸੰਗਤਾਂ ਨੂੰ ਭਗਤ ਨਾਮਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਦੀ ਵਧਾਈ ਦਿੰਦਿਆਂ ਸਭ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਸਮੇਂ ਭਵਨ ਕਮੇਟੀ ਨੇ ਜਗਦੀਪ ਸਿੰਘ ਐਮ ਐਲ ਏ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ।

ਆਲ ਇੰਡੀਆ ਕਿਸਾਨ ਸਭਾ ਵੱਲੋਂ ਚੰਡੀਗੜ੍ਹ ਧਰਨੇ 'ਚ ਸ਼ਾਮਲ ਹੋਣ ਦਾ ਐਲਾਨ

ਲੁਧਿਆਣਾ (ਐਮ.ਐਸ.ਭਾਟੀਆ)-ਆਲ ਇੰਡੀਆ ਕਿਸਾਨ ਸਭਾ-1936 (ਕੁੱਲ ਹਿੰਦ ਕਿਸਾਨ ਸਭਾ-1936) ਜ਼ਿਲ੍ਹਾ ਲੁਧਿਆਣਾ ਦੀ ਇੱਕ ਅਹਿਮ ਮੀਟਿੰਗ ਹੋਈ। ਜਿਸ ਵਿਚ ਪ੍ਰਧਾਨ ਜਸਵੀਰ ਝੱਜ ਤੇ ਜਨਰਲ ਸਕੱਤਰ ਚਮਕੌਰ ਸਿੰਘ ਬਰ੍ਹਮੀ, ਤਕਨੀਕੀ ਸਲਾਹਕਾਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਦੱਸਿਆ ਕਿ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਉੱਪਰ ਦਿੱਲੀ ਮੋਰਚੇ ਦੀ ਯਾਦ ਸਬੰਧੀ ਦੇਸ਼ ਭਰ ਦੇ ਰਾਜਾਂ ਦੀਆਂ ਰਾਜਧਾਨੀਆਂ ਵਿਚ 26, 27 ਅਤੇ 28 ਨਵੰਬਰ ਨੂੰ ਤਿੰਨ ਦਿਨ ਲਗਾਤਾਰ ਧਰਨਾ ਦਿੱਤਾ ਜਾਵੇਗਾ। ਇਸੇ ਅਧਾਰ 'ਤੇ ਰਾਜਧਾਨੀ ਚੰਡੀਗੜ੍ਹ ਰਾਜ ਭਵਨ ਸਾਹਮਣੇ ਦਿੱਤੇ ਜਾਣ ਵਾਲੇ ਸੂਬਾਈ ਧਰਨੇ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਧਰਨੇ ਵਿਚ ਸੰਯੁਕਤ ਕਿਸਾਨ ਮੋਰਚੇ ਵਲੋਂ ਹਜ਼ਾਰਾਂ ਕਿਸਾਨਾਂ ਦੇ ਕਾਫਲੇ ਟਰੈਕਟਰ-ਟਰਾਲੀਆਂ ਅਤੇ ਹੋਰ ਸਾਧਨਾਂ ਰਾਹੀਂ ਪਹੁੰਚਣਗੇ। ਦਿੱਲੀ ਕਿਸਾਨ ਮੋਰਚੇ ਦੀ ਸਮਾਪਤੀ ਸਮੇਂ ਕੇਂਦਰ ਸਰਕਾਰ ਨੇ ਜੋ ਵਾਅਦੇ ਕੀਤੇ ਸਨ, ਉਹ ਅਜੇ ਤੱਕ ਪੂਰੇ ਨਹੀਂ ਕੀਤੇ। ਖਾਸ ਕਰਕੇ ਐਮ.ਐਸ.ਪੀ. ਰਾਹੀਂ ਖਰੀਦ ਗਰੰਟੀ ਕਨੂੰਨ ਬਣਾਉਣਾ, ਲਖੀਮਪੁਰ ਖੀਰੀ ਵਿਖੇ ਸ਼ਹੀਦ ਹੋਏ ਕਿਸਾਨਾਂ ਨੂੰ ਇਨਸਾਫ ਦੇਣਾ, ਅੰਦੋਲਨ ਦੌਰਾਨ ਨਜਾਇਜ਼ ਦਰਜ ਕੀਤੇ ਮਕੁੱਦਮੇ ਵਾਪਸ ਲੈਣੇ ਅਤੇ ਬਿਜਲੀ ਕਨੂੰਨ ਅੰਦਰੋਂ ਕਿਸਾਨਾਂ ਨੂੰ ਬਾਹਰ ਰੱਖਣਾ ਆਦਿ ਸ਼ਾਮਲ ਹਨ। ਹਾਜ਼ਰੀਨ ਨੇ ਇੱਕ ਮਤੇ ਰਾਹੀਂ ਪੰਜਾਬ ਸਰਕਾਰ ਵਲੋਂ ਪ੍ਰਦੂਸ਼ਣ ਦੇ ਨਾਂ ਥੱਲੇ ਕਿਸਾਨਾਂ ਖਿਲਾਫ ਪਰਾਲੀ ਨੂੰ ਅੱਗ ਲਾਉਣ ਉੱਪਰ ਪਰਚੇ ਦਰਜ ਕਰਨ ਦੀ ਨਿਖੇਧੀ ਕਰਦੇ ਹੋਏ ਕਿਸਾਨਾਂ ਉੱਤੇ ਕੀਤੇ ਕੇਸ ਵਾਪਸ ਲੈਣ ਦੀ ਮੰਗ ਕੀਤੀ।

ਦਫਤਰੀ ਕਾਮਿਆਂ ਵੱਲੋਂ ਕਲਮ ਛੋੜ ਹੜਤਾਲ ਜਾਰੀ

ਫਿਰੋਜ਼ਪੁਰ (ਅਸ਼ੋਕ ਸ਼ਰਮਾ)
ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਿਜ਼ ਯੂਨੀਅਨ ਪੰਜਾਬ ਵੱਲੋਂ ਸੂਬਾ ਸਰਕਾਰ ਦੇ ਅੜੀਅਲ ਰਵੱਈਏ ਵਿਰੁੱਧ ਤੇ ਆਪਣੀਆਂ ਹੱਕੀ ਤੇ ਜਾਇਜ਼ ਮੰਗਾਂ ਦੇ ਹੱਕ ਵਿੱਚ ਕੀਤੀ ਜਾ ਰਹੀ ਕਲਮ ਛੋੜ ਹੜਤਾਲ 16ਵੇਂ ਦਿਨ ਵੀ ਲਗਾਤਾਰ ਜਾਰੀ ਰੱਖੀ ਗਈ।ਜ਼ਿਲ੍ਹਾ ਫਿਰੋਜ਼ਪੁਰ ਵਿੱਚ ਸਮੁੱਚਾ ਸਰਕਾਰੀ ਕੰਮ-ਕਾਜ ਠੱਪ ਰਿਹਾ।ਵੱਖ-ਵੱਖ ਵਿਭਾਗਾਂ ਦੇ ਕਰਮਚਾਰੀਆਂ ਨੇ ਆਪਣਾ ਕੰਮ-ਕਾਜ ਮੁਕੰਮਲ ਠੱਪ ਕਰਕੇ ਡੀ ਸੀ ਦਫ਼ਤਰ ਵਿਖੇ ਵਿਸ਼ਾਲ ਰੈਲੀ ਕਰਕੇ ਸੂਬਾ ਸਰਕਾਰ ਖਿਲਾਫ ਜ਼ਬਰਦਸਤ ਨਾਅਰੇਬਾਜ਼ੀ ਕੀਤੀ।ਇਥੇ ਜ਼ਿਲ੍ਹਾ ਫਿਰੋਜ਼ਪੁਰ ਦੇ ਸੈਂਕੜੇ ਦਫਤਰੀ ਮੁਲਾਜ਼ਮਾਂ ਨੇ ਵੱਖ-ਵੱਖ ਦਫਤਰਾਂ ਅੱਗੇ ਵੀ ਰੋਸ ਮੁਜ਼ਾਹਰੇ ਕੀਤੇ ਗਏ ਤੇ ਪੰਜਾਬ ਸਰਕਾਰ ਨੂੰ ਲਾਹਨਤਾਂ ਪਾਈਆਂ ਗਈਆਂ। ਇਸ ਰੋਸ ਮੁਜ਼ਾਹਰੇ ਨੂੰ ਮਨੋਹਰ ਲਾਲ ਜ਼ਿਲ੍ਹਾ ਪ੍ਰਧਾਨ ਪੀਐੱਸਐੱਮਐੱਸਯੂ, ਸੂਬਾ ਜਨਰਲ ਸਕੱਤਰ ਪਿੱਪਲ ਸਿੰਘ ਸਿੱਧੂ, ਪ੍ਰਦੀਪ ਵਿਨਾਇਕ ਜ਼ਿਲ੍ਹਾ ਖਜ਼ਾਨਚੀ, ਗੋਬਿੰਦ ਮੁਟਨੇਜਾ, ਹਰਮੀਤ ਮੱਲੀ ਫੂਡ ਸਪਲਾਈ ਵਿਭਾਗ, ਜਗਸੀਰ ਸਿੰਘ ਭਾਂਗਰ ਸੀਨੀਅਰ ਮੀਤ ਪ੍ਰਧਾਨ, ਸੋਨੂੰ ਕਸ਼ਅਪ ਵਾਈਸ ਜਨਰਲ ਸਕੱਤਰ, ਵਰੁਣ ਕੁਮਾਰ, ਅਮਰ ਨਾਥ ਸਿੱਖਿਆ ਵਿਭਾਗ, ਜੁਗਲ ਆਨੰਦ, ਮੁਕੇਸ਼ ਕੁਮਾਰ ਲੋਕ ਨਿਰਮਾਣ ਵਿਭਾਗ, ਗੌਰਵ ਸ਼ਰਮਾ, ਜਗਮੀਤ ਸਿੰਘ ਸਟੈਨੋ, ਸੁਰਿੰਦਰ ਸ਼ਰਮਾ ਜ਼ਿਲ੍ਹਾ ਲੋਕ ਸੰਪਰਕ ਦਫ਼ਤਰ, ਮੁੱਖਾ ਕੁਮਾਰ ਤੇ ਵਿਕਾਸ ਕਾਲੜਾ ਹੈਲਥ ਵਿਭਾਗ, ਅਮਨਦੀਪ ਸਿੰਘ, ਰਣਜੀਤ ਸਿੰਘ ਖਜ਼ਾਨਾ ਵਿਭਾਗ, ਖੁਸ਼ਵਿੰਦਰ ਸਿੰਘ ਜਨਰਲ ਸਕੱਤਰ ਸਹਿਕਾਰਤਾ ਵਿਭਾਗ ਤੋਂ ਇਲਾਵਾ ਵੱਖ ਵੱਖ ਦਫਤਰਾਂ ਦੇ ਮੁਲਾਜ਼ਮਾਂ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ 24 ਨਵੰਬਰ 2023 ਨੂੰ ਪੈਦਲ ਰੋਸ ਮਾਰਚ ਕੀਤਾ ਜਾਵੇਗਾ, ਜੋ ਕਿ ਡੀ ਸੀ ਦਫ਼ਤਰ ਤੋਂ ਸ਼ੁਰੂ ਹੋ ਕੇ ਰਾਕੇਸ਼ ਪਾਇਲਟ ਚੌਕ ਤੱਕ ਜਾਵੇਗਾ ਤੇ ਚੌਕ ਵਿੱਚ ਮੁੱਖ ਮੰਤਰੀ ਪੰਜਾਬ ਅਤੇ ਵਿੱਤ ਮੰਤਰੀ ਪੰਜਾਬ ਦਾ ਪੁਤਲਾ ਫੂ

24-Nov-PAGE-3.qxd 11/23/2023 11:32 PM Page 1

ਬਿਜਲੀ ਕਾਮਿਆਂ ਵੱਲੋਂ ਮੰਗਾਂ ਨੂੰ ਲੈ ਕੇ 5 ਨੂੰ ਇੱਕ ਰੋਜ਼ਾ ਹੜਤਾਲ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)- ਟੈਕਨੀਕਲ ਸਰਵਿਸਿਜ਼ ਯੂਨੀਅਨ ਰਜਿ. ਮੰਡਲ ਕਾਦੀਆਂ ਵਲੋਂ ਵਰਕਿੰਗ ਕਮੇਟੀ ਦੀ ਮੀਟਿੰਗ ਮੰਡਲ ਪ੍ਰਧਾਨ ਠਾਕਰ ਰਣਜੀਤ ਸਿੰਘ ਦੀ ਪ੍ਰਧਾਨਗੀ ਹੇਠ ਉਪ ਮੰਡਲ ਹਰਚੋਵਾਲ ਵਿਖੇ ਕੀਤੀ ਗਈ। ਇਸ ਮੌਕੇ ਸਰਕਲ ਪ੍ਰਧਾਨ ਜਗਤਾਰ ਸਿੰਘ ਖੁੰਡਾ ਨੇ ਕਿਹਾ ਕਿ ਪਾਵਰਕੌਮ ਦੀ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਵੱਲੋਂ ਵਿਕਟੇਮਾਈਜੇਸ਼ਨਾਂ ਹੱਲ ਨਹੀਂ ਕੀਤੀਆਂ ਗਈਆਂ, 295/19 ਸੀ ਆਰ ਏ ਅਧੀਨ ਭਰਤੀ ਹੋਏ ਕਰਮਚਾਰੀਆਂ ਨੂੰ ਤਿੰਨ ਸਾਲ ਦਾ ਪਰਖਕਾਲ ਸਮਾਂ ਪੂਰਾ ਹੋਣ ਦੇ ਬਾਵਜੂਦ ਰੈਗੂਲਰ ਕਰਕੇ ਅਤੇ ਪੂਰੀ ਤਨਖਾਹ ਜਾਰੀ ਨਹੀਂ ਕੀਤੀ ਗਈ ਅਤੇ ਮੰਗ ਪੱਤਰ ਵਿੱਚ ਦਰਜ ਮੰਗਾਂ ਤੇ ਮਸਲਿਆਂ ਬਾਰੇ ਗੱਲਬਾਤ ਕਰਕੇ ਮਸਲੇ ਹੱਲ ਨਹੀਂ ਕੀਤੇ ਗਏ। ਇਸ ਕਰਕੇ ਕਰਮਚਾਰੀਆਂ ਵੱਲੋਂ 5 ਦਸੰਬਰ ਨੂੰ ਇੱਕ ਰੋਜ਼ਾ ਹੜਤਾਲ ਅਤੇ 7 ਦਸੰਬਰ ਨੂੰ ਮੁੱਖ ਦਫਤਰ ਪਟਿਆਲਾ ਅੱਗੇ ਪਰਵਾਰਾਂ ਸਮੇਤ ਸੂਬਾਈ ਧਰਨਾ ਦਿੱਤਾ ਜਾਵੇਗਾ। ਇਸ ਦੀ ਤਿਆਰੀ ਲਈ ਸੰਪਰਕ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਥੀ ਕਸ਼ਮੀਰ ਸਿੰਘ, ਸੁਖਦੇਵ ਸਿੰਘ ਸੇਖਵਾਂ, ਦਵਿੰਦਰ ਸਿੰਘ, ਪ੍ਰੇਮ ਕੁਮਾਰ, ਆਦਿ ਹਾਜ਼ਰ ਸਨ।

ਉਸਾਰੀ ਕਿਰਤੀਆਂ ਦੀ ਭਲਾਈ ਲਈ 2 ਕਰੋੜ 83 ਲੱਖ ਰੁਪਏ ਦੀ ਰਾਸ਼ੀ ਪ੍ਰਵਾਨ

ਜਲੰਧਰ (ਸ਼ੈਲੀ ਐਲਬਰਟ)-ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਵਲੋਂ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਅਧੀਨ ਜ਼ਿਲ੍ਹੇ ਵਿੱਚ ਰਜਿਸਟਰਡ 1146 ਉਸਾਰੀ ਕਿਰਤੀਆਂ ਲਈ ਵੱਖ-ਵੱਖ ਭਲਾਈ ਸਕੀਮਾਂ ਤਹਿਤ 2,83,92000 ਰੁਪਏ ਦੀ ਰਾਸ਼ੀ ਪ੍ਰਵਾਨ ਕੀਤੀ ਗਈ ਹੈ। ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਜ਼ਿਲ੍ਹਾ ਪ੍ਰਸ਼ਾਸਨ ਜ਼ਿਲ੍ਹੇ ਦੇ ਕਿਰਤੀਆਂ ਦੀ ਭਲਾਈ ਲਈ ਪਾਬੰਦ ਹੈ।

ਉਨ੍ਹਾਂ ਦੱਸਿਆ ਕਿ ਮਿਸਤਰੀ, ਇੱਟਾਂ/ਸੀਮਿੰਟ ਆਦਿ ਫੜਾਉਣ ਵਾਲੇ ਵਿੱਚ ਮਜ਼ਦੂਰ, ਪਲੰਬਰ, ਤਰਖਾਣ, ਵੈਲਡਰ, ਇਲੈਕਟਰੀਸ਼ਨ ਦਾ ਕੰਮ ਕਰਨ ਵਾਲੇ ਕਿਰਤੀ ਬੋਰਡ ਅਧੀਨ ਆਪਣੀ ਰਜਿਸਟਰੇਸ਼ਨ ਕਰਵਾ ਸਕਦੇ ਹਨ।

ਇਸ ਤੋਂ ਇਲਾਵਾ ਕਿਸੇ ਸਰਕਾਰੀ, ਅਰਧ ਸਰਕਾਰੀ ਜਾਂ ਪ੍ਰਾਈਵੇਟ ਅਦਾਰੇ ਦੇ ਉਤਪਾਦਨ, ਇਮਾਰਤਾਂ, ਸੜਕਾਂ, ਨਹਿਰਾਂ, ਬਿਜਲੀ ਵੰਡ, ਟੈਲੀਫੋਨ, ਤਾਰ, ਰੇਡੀਓ, ਰੇਲ, ਹਵਾਈ ਅੱਡੇ ਆਦਿ ਵਿਖੇ ਉਸਾਰੀ, ਮੁਰੰਮਤ, ਰੱਖ-ਰਖਾਅ ਜਾਂ ਤੋੜ-ਫੋੜ ਦੇ ਕੰਮ ਲਈ ਕੁਸ਼ਲ/ਅਰਧਕੁਸ਼ਲ, ਕਾਰੀਗਰ ਜਾਂ ਸੁਪਰਵਾਈਜ਼ਰ ਦੇ ਤੌਰ 'ਤੇ ਤਨਖਾਹ ਜਾਂ ਮਿਹਨਤਾਨਾ ਲੈ ਕੇ ਕੰਮ ਕਰਨ ਵਾਲਾ ਵਿਅਕਤੀ ਵੀ ਆਪਣੀ ਰਜਿਸਟਰੇਸ਼ਨ ਕਰਵਾਉਣ ਦੇ ਯੋਗ ਹਨ। ਡਿਪਟੀ ਕਮਿਸ਼ਨਰ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜ਼ਿਲ੍ਹੇ ਦੇ ਯੋਗ ਕਿਰਤੀ-ਕਾਮਿਆਂ ਨੂੰ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਵਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਭਲਾਈ ਸਕੀਮਾਂ ਦਾ ਸਬੰਧੀ ਵੱਧ ਤੋਂ ਵੱਧ ਜਾਗਰੂਕ ਕੀਤਾ ਜਾਵੇ।

ਉਨ੍ਹਾਂ ਕਿਰਤੀ-ਕਾਮਿਆਂ ਨੂੰ ਵੀ ਅਪੀਲ ਕੀਤੀ ਕਿ ਪੰਜਾਬ ਸਰਕਾਰ ਦੁਆਰਾ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਵਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਭਲਾਈ ਸਕੀਮਾਂ ਦਾ ਲਾਭ ਉਠਾਉਣ ਲਈ ਆਪਣੀ ਰਜਿਸਟਰੇਸ਼ਨ ਨੂੰ ਯਕੀਨੀ ਬਣਾਇਆ ਜਾਵੇ। ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਪਾਸ ਰਜਿਸਟਰੇਸ਼ਨ ਕਰਵਾਉਣ ਲਈ ਯੋਗ ਲਾਭਪਾਤਰੀ ਦੀ ਉਮਰ 18 ਤੋਂ 60 ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ ਅਤੇ ਉਸ ਵਲੋਂ ਪਿਛਲੇ 12 ਮਹੀਨਿਆਂ ਦੌਰਾਨ ਪੰਜਾਬ ਵਿੱਚ 90 ਦਿਨ ਬਤੌਰ ਉਸਾਰੀ ਕਿਰਤੀ ਕੰਮ ਕੀਤਾ ਗਿਆ ਹੋਵੇ। ਉਨ੍ਹਾਂ ਦੱਸਿਆ ਕਿ ਲਾਭਪਾਤਰੀ ਆਪਣੇ ਅਤੇ ਪਰਵਾਰਕ ਮੈਂਬਰਾਂ ਦੇ ਆਧਾਰ ਕਾਰਡ, ਬੈਂਕ ਖਾਤੇ ਦੀ ਕਾਪੀ, ਜਨਮ ਮਿਤੀ ਦਾ ਸਬੂਤ, ਪਰਵਾਰ ਦੀ ਫੋਟੋ ਤੇ ਹੋਰ ਲੋੜੀਂਦੇ ਦਸਤਾਵੇਜ਼ਾਂ ਸਮੇਤ ਆਪਣੇ ਨੇੜਲੇ ਸੇਵਾ ਕੇਂਦਰ ਵਿੱਚ ਜਾ ਕੇ ਰਜਿਸਟਰੇਸ਼ਨ ਕਰਵਾ ਸਕਦੇ ਹਨ।

25 ਨੂੰ ਚੰਡੀਗੜ੍ਹ ਮੋਰਚੇ ਲਈ ਵੱਡੇ ਕਾਫਲੇ ਰਵਾਨਾ ਹੋਣਗੇ : ਦਿਆਲਪੁਰਾ /ਜਾਮਾਰਾਏ

ਪੱਟੀ (ਬਲਦੇਵ ਸਿੰਘ ਸੰਧੂ /ਸ਼ਮਸ਼ੇਰ ਸਿੰਘ ਯੋਧਾ) -ਜਮਹੂਰੀ ਕਿਸਾਨ ਸਭਾ ਪੰਜਾਬ ਦੀ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਝਿਲਮਿਲ ਸਿੰਘ ਬਾਣੀਆਂ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੇ ਫੈਸਲੇ ਪ੍ਰੈਸ ਨੂੰ ਜਾਰੀ ਕਰਦਿਆਂ ਜ਼ਿਲ੍ਹਾ ਸਕੱਤਰ ਦਲਜੀਤ ਸਿੰਘ ਦਿਆਲਪੁਰਾ ਨੇ ਦੱਸਿਆ ਕਿ ਜ਼ਿਲ੍ਹੇ 'ਚੋਂ ਦਰਜਨਾਂ ਟਰਾਲੀਆਂ ਰਾਹੀਂ ਸੈਂਕੜੇ ਕਿਸਾਨ 26-28 ਨਵੰਬਰ ਦੇ ਚੰਡੀਗੜ੍ਹ ਕਿਸਾਨ ਅੰਦੋਲਨ ਵਿੱਚ ਭਾਗ ਲੈਣਗੇ। ਕਿਸਾਨ ਟਰਾਲੀਆਂ ਵਿੱਚ ਲੰਗਰ ਪਾਣੀ ਵਾਸਤੇ ਰਾਸ਼ਨ ਵਗੈਰਾ ਲੈ ਕੇ ਜਾਣਗੇ। ਇਸ ਸਬੰਧੀ ਪਿੰਡਾਂ ਵਿੱਚ ਤਿਆਰੀਆਂ ਜ਼ੋਰਾਂ ਸ਼ੋਰਾਂ ਨਾਲ ਕੀਤੀਆਂ ਜਾ ਰਹੀਆਂ ਹਨ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਪਰਗਟ ਸਿੰਘ ਜਾਮਾਰਾਏ ਨੇ ਕਿਸਾਨੀ ਮੰਗਾਂ ਅਤੇ ਮਜ਼ਦੂਰ ਜਥੇਬੰਦੀਆਂ ਵੱਲੋਂ ਮੋਰਚੇ ਦੀਆਂ ਮੰਗਾਂ ਦੀ ਹਮਾਇਤ ਵਿੱਚ ਕੀਤੀ ਜਾ ਰਹੀ ਸ਼ਮੂਲੀਅਤ ਬਾਰੇ ਦੱਸਿਆ । ਉਨ੍ਹਾ ਕਿਹਾ ਕਿ ਕੇਂਦਰ ਸਰਕਾਰ ਦੀਆਂ ਫੁੱਟਪਾਊ ਅਤੇ ਸੰਘਰਸ਼ ਨੂੰ ਬਦਨਾਮ ਕਰਨ ਦੀਆਂ ਸਾਜਸ਼ਾਂ ਦਾ ਮੁਕਾਬਲਾ ਕਰਦੇ ਹੋਏ ਸੰਯੁਕਤ ਮੋਰਚੇ ਦੀਆਂ ਵੱਖ ਵੱਖ ਧਿਰਾਂ ਨੂੰ ਇੱਕ ਪਲੇਟਫਾਰਮ 'ਤੇ ਇਕੱਤਰ ਕਰਨ ਦਾ ਅਮਲ ਨੇਪਰੇ ਚਾੜ੍ਹਿਆ ਜਾ ਰਿਹਾ ਹੈ। ਕਿਸਾਨ ਮਜ਼ਦੂਰ ਏਕਤਾ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ। ਉਨ੍ਹਾ ਕਿਸਾਨ ਅੰਦੋਲਨ ਨੂੰ ਮਜ਼ਬੂਤ ਕਰਨ ਲਈ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ। ਮੀਟਿੰਗ ਵਿੱਚ ਪਾਸ ਕੀਤੇ ਮਤੇ ਰਾਹੀਂ ਪਨਗਰੇਨ ਵੱਲੋਂ ਖਰੀਦ ਕੀਤੇ ਝੋਨੇ ਦੀ ਬਕਾਇਆ ਰਕਮ ਤੁਰੰਤ ਜਾਰੀ ਕਰਨ ਦੀ ਮੰਗ ਕੀਤੀ ਗਈ।

ਮੀਟਿੰਗ ਨੂੰ ਹੋਰਨਾਂ ਤੋਂ ਇਲਾਵਾ ਹਰਭਜਨ ਸਿੰਘ ਦੂਸਲੇਵੜ, ਮੁਖਤਾਰ ਸਿੰਘ ਮੱਲ੍ਹਾ, ਰੇਸ਼ਮ ਸਿੰਘ ਫੇਲੋਕੇ, ਕੁਲਦੀਪ ਸਿੰਘ ਮਾਨੋਚਾਹਲ, ਗੁਰਪ੍ਰਤਾਪ ਸਿੰਘ ਬਾਠ, ਕੁਲਦੀਪ ਸਿੰਘ ਉਸਮਾ, ਕੇਵਲ ਸਿੰਘ ਭਿੱਖੀਵਿੰਡ ਆਦਿ ਆਗੂਆਂ ਨੇ ਸੰਬੋਧਨ ਕੀਤਾ।

ਸੜਕ ਵਿਚਕਾਰ ਫਿਰਦੇ ਪਸ਼ੂਆਂ ਕਾਰਨ ਵਧ ਰਹੇ ਹਨ ਹਾਦਸੇ

ਗੁਰਦਾਸਪੁਰ, (ਜਨਕ ਮਹਾਜਨ)- ਗੁਰਦਾਸਪੁਰ ਸ਼ਹਿਰ ਅਤੇ ਆਸ-ਪਾਸ ਦੇ ਪਿੰਡਾਂ ਵਿਚ ਸੜਕਾਂ 'ਤੇ ਫ਼ਿਰਦੇ ਪਸ਼ੂ ਅਕਸਰ ਹੀ ਹਾਦਸਿਆਂ ਦਾ ਕਾਰਨ ਬਣਦੇ ਹਨ, ਜਿਸ ਨੂੰ ਲੈ ਕੇ ਰਾਹਗੀਰ ਕਾਫ਼ੀ ਪ੍ਰੇਸ਼ਾਨ ਨਜ਼ਰ ਆ ਰਹੇ ਹਨ। ਇਸ ਸਬੰਧੀ ਗੱਲਬਾਤ ਕਰਦਿਆਂ ਇਲਾਕਾ ਵਾਸੀਆਂ ਨੇ ਦੱਸਿਆ ਕਿ ਸੜਕਾਂ 'ਤੇ ਘੁੰਮਦੇ ਪਸ਼ੂਆਂ ਦੇ ਝੁੰਡ ਜਿੱਥੇ ਫ਼ਸਲਾਂ ਨੂੰ ਖ਼ਰਾਬ ਕਰਦੇ ਹਨ ਉਥੇ ਹੀ ਅਚਾਨਕ ਹੀ ਵਹੀਕਲਾਂ ਅੱਗੇ ਆ ਕੇ ਹਾਦਸਿਆਂ ਦੇ ਕਾਰਨ ਵੀ ਬਣ ਰਹੇ ਹਨ। ਉਨ੍ਹਾਂ ਕਿਹਾ ਗੁੱਜਰਾਂ ਵਲੋਂ ਆਪਣੇ ਪਸ਼ੂਆਂ ਨੂੰ ਖੁੱਲ੍ਹੇਆਮ ਸੜਕਾਂ ਦੇ ਕੰਢਿਆਂ 'ਤੇ ਚਾਰਾ ਚੁਗਣ ਲਈ ਲਿਜਾਇਆ ਜਾਂਦਾ ਹੈ। ਇਹ ਪਸ਼ੂਆਂ ਦੇ ਝੁੰਡ ਸੜਕ ਕੰਢੇ ਚੁਗਦੇ ਚੁਗਦੇ ਸਰਕਾਰੀ ਬੂਟਿਆਂ ਦਾ ਭਾਰੀ ਨੁਕਸਾਨ ਕਰਦੇ ਹਨ ਅਤੇ ਅਚਾਨਕ ਸੜਕ ਵਿਚਕਾਰ ਆਉਣ ਕਰਕੇ ਵਹੀਕਲਾਂ ਨਾਲ ਟਕਰਾ ਜਾਂਦੇ ਹਨ, ਜਿਸ ਨਾਲ ਕਈ ਵਾਰ ਵਹੀਕਲ ਚਾਲਕ ਜ਼ਖਮੀ ਹੋ ਕੇ ਸੱਟਾਂ ਲਗਵਾ ਕੀਮਤੀ ਜਾਨਾਂ ਵੀ ਗਵਾ ਲੈਂਦੇ ਹਨ। ਉਨ੍ਹਾਂ ਕਿਹਾ ਪ੍ਰਸ਼ਾਸਨ ਵਲੋਂ ਸੜਕ 'ਤੇ ਘੁੰਮਦੇ ਪਸ਼ੂਆਂ ਦੇ ਝੁੰਡਾਂ 'ਤੇ ਪਾਬੰਦੀ ਲਗਾਈ ਗਈ ਹੈ ਪਰ ਫ਼ਿਰ ਵੀ ਇਨ੍ਹਾਂ ਪਸ਼ੂਆਂ ਦੇ ਝੁੰਡ ਆਮ ਹੀ ਸੜਕ 'ਤੇ ਫ਼ਿਰਦੇ ਦੇਖੇ ਜਾ ਸਕਦੇ ਹਨ। ਉਨ੍ਹਾਂ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਕਿ ਸੜਕ 'ਤੇ ਫ਼ਿਰਦੇ ਪਸ਼ੂਆਂ ਦੇ ਮਾਲਕਾਂ ਨੂੰ ਸਖ਼ਤ ਹਦਾਇਤਾਂ ਕਰਕੇ ਇਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕਿਆ ਜਾਵੇ।

ਬ੍ਰਹਮਪੁਰਾ ਨੇ ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਚੁੱਕਿਆ

ਮੀਆਂਵਿੰਡ (ਰਵੀ ਖਹਿਰਾ) ਰਵਿੰਦਰ ਸਿੰਘ ਬ੍ਰਹਮਪੁਰਾ, ਸ਼੍ਰੋਮਣੀ ਅਕਾਲੀ ਦਲ ਵਿਧਾਨ ਸਭਾ ਹਲਕਾ ਖਡੂਰ ਸਾਹਿਬ ਦੇ ਇੰਚਾਰਜ ਅਤੇ ਸਾਬਕਾ ਵਿਧਾਇਕ ਨੇ ਬਲਾਤਕਾਰ ਦੇ ਦੋਸ਼ੀ ਡੇਰਾ ਸੱਚਾ ਸੌਦਾ ਦੇ ਪਾਖੰਡੀ ਸਾਧ ਗੁਰਮੀਤ ਰਾਮ ਰਹੀਮ ਨੂੰ ਰੋਹਤਕ ਜੇਲ੍ਹ ਤੋਂ ਫਰਲੋ (ਛੁੱਟੀ) 'ਤੇ ਰਿਹਾਅ ਕਰਨ 'ਤੇ ਸਖਤ ਨਰਾਜ਼ਗੀ ਜ਼ਾਹਰ ਕੀਤੀ ਹੈ। ਬ੍ਰਹਮਪੁਰਾ ਨੇ ਰਿਹਾਈ ਬਾਰੇ ਗੰਭੀਰ ਚਿੰਤਾਵਾਂ ਜ਼ਾਹਰ ਕਰਦਿਆਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਪਾਖੰਡੀ ਸਾਧ ਰਾਮ ਰਹੀਮ ਨੂੰ ਔਰਤਾਂ ਵਿਰੁੱਧ ਘਿਨਾਉਣੇ ਅਪਰਾਧ ਕਰਨ ਦਾ ਦੋਸ਼ੀ ਪਾਇਆ ਗਿਆ ਸੀ। ਉਸ ਨੂੰ ਫਰਲੋ ਰਾਹੀਂ ਅਸਥਾਈ ਆਜ਼ਾਦੀ ਦੀ ਇਜਾਜ਼ਤ ਦੇਣਾ ਨਿਆਂ ਦੇ ਸਿਧਾਂਤਾਂ ਨੂੰ ਕਮਜ਼ੋਰ ਕਰਦਾ ਹੈ ਅਤੇ ਪੀੜਤਾਂ ਨੂੰ ਡੂੰਘਾ ਪ੍ਰਭਾਵਤ ਕਰਦਾ ਹੈ ਜਿਨ੍ਹਾਂ ਨੇ ਉਸ ਦੀਆਂ ਕਾਰਵਾਈਆਂ ਨੂੰ ਸਹਿਣ ਕੀਤਾ। ਉਨ੍ਹਾਂ ਸਰਕਾਰਾਂ ਵੱਲੋਂ ਇਸ ਪਾਖੰਡੀ ਸਾਧ ਨੂੰ ਕਥਿਤ ਤੌਰ 'ਤੇ ਜਾਣਬੁੱਝ ਕੇ ਦਿੱਤੀ ਜਾਣ ਵਾਲੀ ਪੈਰੋਲ 'ਤੇ ਡੂੰਘੀ ਚਿੰਤਾ ਜ਼ਾਹਰ ਕੀਤੀ। ਉਨ੍ਹਾਂ ਕਿਹਾ ਅਜਿਹੀਆਂ ਕਾਰਵਾਈਆਂ ਸਿਆਸਤ ਤੋਂ ਪ੍ਰੇਰਿਤ ਹਨ। ਇਸ ਤੋਂ ਇਲਾਵਾ ਬ੍ਰਹਮਪੁਰਾ ਨੇ ਸਿੱਖ ਬੰਦੀ ਸਿੰਘਾਂ ਦੀ ਦੁਰਦਸ਼ਾ ਵੱਲ ਧਿਆਨ ਦਿਵਾਇਆ, ਜਿਨ੍ਹਾਂ ਨੂੰ ਉਨ੍ਹਾਂ ਦੀਆਂ ਮਨੋਨੀਤ ਕੈਦ ਦੀਆਂ ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਲੰਬੇ ਸਮੇਂ ਲਈ ਬੇਇਨਸਾਫੀ ਨਾਲ ਕੈਦ ਕੀਤਾ ਗਿਆ ਹੈ। ਉਨ੍ਹਾਂ ਬੰਦੀ ਸਿੰਘਾਂ ਦੀ ਲੰਮੀ ਕੈਦ ਨੂੰ ਹੱਲ ਕਰਨ ਦੀ ਤੁਰੰਤ ਲੋੜ 'ਤੇ ਜ਼ੋਰ ਦਿੰਦੇ ਹੋਏ ਉਨ੍ਹਾਂ ਦੀ ਤੁਰੰਤ ਰਿਹਾਈ ਦੀ ਅਪੀਲ ਕੀਤੀ ਹੈ।

ਬੀ ਏ ਬੀ ਐੱਡ ਦੂਜੇ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ

ਗੜ੍ਹਸ਼ੰਕਰ (ਫੁਲਾ ਸਿੰਘ ਬੀਰਮਪੁਰ)-ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਚੱਲ ਰਹੇ ਚਾਰ ਸਾਲਾ ਇੰਟਗ੍ਰੇਟਿਡ ਕੋਰਸ ਬੀ.ਏ. ਬੀ.ਐੱਡ. ਦੂਜੇ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਪ੍ਰੋ. ਲਖਵਿੰਦਰਜੀਤ ਕੌਰ ਨੇ ਦੱਸਿਆ ਕਿ ਬੀ.ਏ. ਬੀ.ਐੱਡ. ਦੂਜੇ ਸਮੈਸਟਰ ਦੇ ਨਤੀਜੇ ਵਿਚ ਵਿਦਿਆਰਥਣ ਪ੍ਰੀਆ ਨੇ 80.6 ਫੀਸਦੀ ਅੰਕ ਲੈ ਕੇ ਕਾਲਜ ਵਿਚੋਂ ਪਹਿਲਾ, ਕਾਮਨਾ ਦੇਵੀ ਨੇ 80.12 ਫੀਸਦੀ ਅੰਕ ਲੈ ਕੇ ਦੂਜਾ ਤੇ ਜਸਪਿੰਦਰ ਕੌਰ ਨੇ 78.5 ਫੀਸਦੀ ਅੰਕ ਲੈ ਕੇ ਤੀਜਾ ਸਥਾਨ ਹਾਸਿਲ ਕੀਤਾ ਹੈ। ਪ੍ਰੋ. ਲਖਵਿੰਦਰਜੀਤ ਕੌਰ ਨੇ ਤੀਜੇ ਵਿਚੋਂ ਮੋਹਰੀ ਰਹੀਆਂ ਵਿਦਿਆਰਥਣਾਂ, ਨਤੀਜੇ 'ਚ ਚੰਗੇ ਅੰਕ ਲੈ ਕੇ ਸਫ਼ਲ ਹੋਏ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਤੇ ਸਟਾਫ਼ ਨੂੰ ਵਧਾਈ ਦਿੰਦੇ ਹੋਏ ਵਿਦਿਆਰਥੀਆਂ ਨੂੰ ਭਵਿੱਖ ਵਿਚ ਹੋਰ ਵੀ ਚੰਗੇ ਅੱਗੇ ਲੈ ਕੇ ਪ੍ਰੀਖਿਆ ਪਾਸ ਕਰਨ ਲਈ ਪ੍ਰੇਰਿਤ ਕੀਤਾ।

ਜੇ ਸੀ ਆਈ ਕਲੱਬ ਨੇ ਮਨਾਇਆ ਦੀਵਾਲੀ ਫਨ ਮੇਲਾ

ਆਦਮਪੁਰ (ਪਰਮਜੀਤ ਸਿੰਘ):- ਜੇ ਸੀ ਆਈ ਕਲੱਬ ਆਦਮਪੁਰ ਵਲੋਂ ਦੀਵਾਲੀ ਫਨ ਮੇਲਾ ਬਹੁਤ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਗਿਆ। ਅਖੀਲੇ ਦਿਨ ਜੇ ਸੀ ਆਈ ਕਲੱਬ ਦੀ 27ਵੀਂ ਸੈਰਾਮਨੀ ਮਨਾਈ ਗਈ, ਜਿਸ ਵਿੱਚ ਜੇ ਸੀ ਆਈ ਕਲੱਬ ਦੇ 2023—2024 ਨਵੇਂ ਬਣੇ ਪ੍ਰਧਾਨ ਦਵਿੰਦਰ ਸਿੰਘ ਸੂਰੀ ਨੂੰ ਚੁਣਿਆ ਗਿਆ। ਮੁੱਖ ਮਹਿਮਾਨ ਵਜੋਂ ਸੁਸ਼ੀਲ ਕੁਮਾਰ ਰਿੰਕੂ ਮੈਂਬਰ ਪਾਰਲੀਮੈਂਟ ,ਬਲਕਾਰ ਸਿੰਘ ਕੈਬਨਿਟ ਮੰਤਰੀ , ਰਮਨ ਅਰੋੜਾ ਐਮ ਐਲ ਏ ਜਲੰਧਰ ਨੇ ਸ਼ਿਰਕਤ ਕੀਤੀ ਅਤੇ ਜੀਤ ਲਾਲ ਭੱਟੀ ਹਲਕਾ ਇੰਚਾਰਜ ਆਪ , ਜਤਿੰਦਰ ਮਿਨਹਾਸ ,ਪਰਮਜੀਤ ਸਿੰਘ ਪੰਮੀ ਚੇਅਰਮੈਨ ਮਾਰਕੀਟ ਕਮੇਟੀ, ਪ੍ਰਲਾਦ ਵਰਮਾ, ਬੰਦਾ ਗਰੇਵਾਲ ਸਰਪੰਚ ਅਰਜਨ ਵਾਲ ਦੇ ਨਾਲ ਗੁਰਮਖ ਸਿੰਘ ਸੂਰੀ, ਸੱਤਪਾਲ, ਰਾਜ ਕੁਮਾਰ ਪਾਲ, ਜਗਦੀਸ਼ ਪਸਰੀਚਾ ਆਦਿ ਮੌਜੂਦ ਸਨ। ਲਾਇਨ ਕਲੱਬ ਦੇ ਚੇਅਰਮੈਨ ਜਸਵਿੰਦਰ ਚਾਂਦ ਅਤੇ ਲਾਇਨ ਕਲੱਬ ਦੇ ਪ੍ਰੈਜੀਡੈਂਟ ਅਕਸ਼ੇਦੀਪ ਨੇ ਵੀ ਸ਼ਿਰਕਤ ਕੀਤੀਸ਼ ਸੈਰਾਮਨੀ ਵਿਚ ਜੇ ਸੀ ਆਈ ਜੋਨ ਅਫਸਰ ਵਲੋਂ ਨਵੇਂ ਬਣੇ ਪ੍ਰਧਾਨ ਦਵਿੰਦਰ ਸਿੰਘ ਸੂਰੀ ਨੂੰ ਸੁੰਹ ਚੁਕਾਈ ਗਈ! ਇਸ ਦਿਵਾਲੀ ਫਨ ਮੇਲੇ ਵਿੱਚ ਵੱਖ,- ਵੱਖ ਤਰ੍ਹਾਂ ਦੇ ਲੱਕੀ ਡਰਾਅ ਵੀ ਕੱਢੇ ਗਏ ਤੇ ਮੋਟਰਸਾਇਕਲ, ਫਰਿਜ ਆਦਿ ਤਕਸੀਮ ਕੀਤੇ ਗਏ। ਇਸ ਮੌਕੇ ਹਰਪ੍ਰੀਤ ਸਿੰਘ ਸੰਧੂ, ਜਗਮੋਹਨ ਅਰੋੜਾ, ਸਤਵਿੰਦਰ ਅਰੋੜਾ, ਅਨੂਪ ਵਰਮਾ,ਦੀਪਕ ਵਰਮਾ, ਤਰੁਨ ਖੁਰਾਣਾ,ਮਾਨਵ ਕੋਚਰ, ਸੰਜੀਵ ਸਿਆਣ, ਨਰਿੰਦਰ ਕੁਕੂ,ਸੁਖਵਿੰਦਰ ਸਿੰਘ,ਕੂਪਰ ਸੰਜੀਵ ਗਾਂਧੀ ਆਦਿ ਹਾਜਰ ਸਨ।

ਪਰਾਲੀ ਨੂੰ ਲਗਾਈ ਅੱਗ ਨਾਲ ਫਸਲਾਂ ਦੇ ਖੁਰਾਕੀ ਤੱਤ ਸੜਦੇ : ਡਾ. ਭੁਪਿੰਦਰ ਸਿੰਘ ਏ ਓ

**ਪੱਟੀ (ਬਲਦੇਵ ਸਿੰਘ ਸੰਧੂ /ਸ਼ਮਸ਼ੇਰ ਸਿੰ

24-Nov-PAGE-4.qxd 11/23/2023 11:16 PM Page 1

ਨਵਾਂ ਜ਼ਮਾਨਾ
ਸ਼ੁੱਕਰਵਾਰ, 24 ਨਵੰਬਰ 2023

ਵਿਦਿਆਰਥੀ ਏਕਾ

ਪੰਜ ਕਰੋੜ ਵਿਦਿਆਰਥੀਆਂ ਦੀ ਨੁਮਾਇੰਦਗੀ ਕਰਨ ਵਾਲੀਆਂ 16 ਵਿਦਿਆਰਥੀ ਜਥੇਬੰਦੀਆਂ ਨਵੀਂ ਕੌਮੀ ਸਿੱਖਿਆ ਨੀਤੀ (ਐੱਨ ਈ ਪੀ) -2020 ਨੂੰ ਰੱਦ ਕਰਾਉਣ ਲਈ 'ਯੂਨਾਈਟਿਡ ਸਟੂਡੈਂਟਸ ਆਫ ਇੰਡੀਆ' ਦੇ ਨਾਂਅ ਹੇਠ ਇਕੱਠੀਆਂ ਹੋਈਆਂ ਹਨ। ਹੋਰਨਾਂ ਪ੍ਰੋਗਰਾਮਾਂ ਤੋਂ ਇਲਾਵਾ ਇਨ੍ਹਾਂ ਨੇ 12 ਜਨਵਰੀ ਨੂੰ ਸੰਸਦ ਵੱਲ ਮਾਰਚ ਤੇ ਇਕ ਫਰਵਰੀ ਨੂੰ ਚੇਨਈ ਵਿਚ ਵੱਡੀ ਰੈਲੀ ਕਰਨ ਦਾ ਵੀ ਐਲਾਨ ਕੀਤਾ ਹੈ। ਇਸ ਮਹਾਂ-ਗੱਠਜੋੜ ਵਿਚ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ, ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ, ਆਲ ਇੰਡੀਆ ਸਟੂਡੈਂਟਸ ਬਲਾਕ, ਛਾਤਰ ਰਾਸ਼ਟਰੀ ਜਨਤਾ ਦਲ, ਛਾਤਰ ਯੁਵਾ ਸੰਘਰਸ਼ ਸਮਿਤੀ, ਡੀ ਐੱਮ ਕੇ ਸਟੂਡੈਂਟ ਵਿੰਗ, ਦ੍ਰਾਵਿੜ ਸਟੂਡੈਂਟਸ ਫੈਡਰੇਸ਼ਨ, ਨੈਸ਼ਨਲ ਸਟੂਡੈਂਟਸ ਯੂਨੀਅਨ ਆਫ ਇੰਡੀਆ, ਪ੍ਰੋਗ੍ਰੈਸਿਵ ਸਟੂਡੈਂਟਸ ਫੋਰਮ, ਪ੍ਰੋਗ੍ਰੈਸਿਵ ਸਟੂਡੈਂਟਸ ਯੂਨੀਅਨ, ਆਰ ਐੱਲ ਡੀ ਛਾਤਰ ਸਭਾ, ਸਮਾਜਵਾਦੀ ਛਾਤਰ ਸਭਾ, ਸਰਤੋ ਮੁਕਤੀ ਸੰਗਰਾਮ ਸਮਿਤੀ, ਸਟੂਡੈਂਟਸ ਫੈਡਰੇਸ਼ਨ ਆਫ ਇੰਡੀਆ ਤੇ ਟਰਾਈਬਲ ਸਟੂਡੈਂਟਸ ਯੂਨੀਅਨ ਸ਼ਾਮਲ ਹਨ। ਇਨ੍ਹਾਂ ਜਥੇਬੰਦੀਆਂ ਦਾ ਕਹਿਣਾ ਹੈ ਕਿ ਨਵੀਂ ਸਿੱਖਿਆ ਨੀਤੀ ਵਪਾਰੀਕਰਨ, ਭਗਵਾਂਕਰਨ ਤੇ ਨਿੱਜੀਕਰਨ ਨੂੰ ਪ੍ਰਮੋਟ ਕਰ ਰਹੀ ਹੈ ਅਤੇ ਸਮਾਜੀ ਨਿਆਂ ਦੇ ਵਿਚਾਰ ਦੇ ਖਿਲਾਫ ਹੈ। ਜਥੇਬੰਦੀਆਂ ਦੀ ਮੰਗ ਹੈ ਕਿ ਸਰਕਾਰ ਸਕੂਲ ਤੋਂ ਲੈ ਕੇ ਗ੍ਰੈਜੂਏਸ਼ਨ ਪੱਧਰ ਤੱਕ ਸਿੱਖਿਆ ਨੂੰ ਮੁਫਤ ਕਰੇ ਅਤੇ ਕੌਮੀ ਰੁਜ਼ਗਾਰ ਗਰੰਟੀ ਐਕਟ ਬਣਾਏ। ਜਥੇਬੰਦੀਆਂ ਮੁਤਾਬਕ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਹੇਠ ਭਾਰਤ ਵਿਚ ਕੁਆਲਿਟੀ ਸਿੱਖਿਆ ਉੱਤੇ ਹਮਲਾ ਖਤਰਨਾਕ ਰੂਪ ਲੈਂਦਾ ਜਾ ਰਿਹਾ ਹੈ। ਆਰ ਐੱਸ ਐੱਸ ਦੀ ਹਮਾਇਤ ਵਾਲੀ ਮੋਦੀ ਸਰਕਾਰ ਨਾ ਸਿਰਫ ਸਰਵਜਨਕ ਸਿੱਖਿਆ ਪ੍ਰਣਾਲੀ ਨੂੰ ਤਬਾਹ ਕਰ ਰਹੀ ਹੈ, ਸਗੋਂ ਇਸ ਨੂੰ ਫਿਰਕੂ ਤੇ ਸੰਵਿਧਾਨ ਵਿਰੋਧੀ ਸੋਚ ਮੁਤਾਬਕ ਬਦਲ ਰਹੀ ਹੈ। ਇਹ ਕਿਤਾਬਾਂ ਵਿੱਚ ਇੰਡੀਆ ਨਾਂਅ ਖਤਮ ਕਰਨ ਤੁਰ ਪਈ ਹੈ। ਇਹ ਜਥੇਬੰਦੀਆਂ 'ਸਿੱਖਿਆ ਬਚਾਓ, ਐੱਨ ਈ ਪੀ ਰੱਦ ਕਰੋ; ਭਾਰਤ ਬਚਾਓ, ਭਾਜਪਾ ਭਜਾਓ' ਦੇ ਨਾਅਰੇ ਹੇਠ ਦੇਸ਼-ਭਰ ਵਿਚ ਮੁਹਿੰਮ ਚਲਾਉਣਗੀਆਂ, ਜਿਸ ਦਾ ਸਿਖਰ ਸੰਸਦ ਵੱਲ ਮਾਰਚ ਹੋਵੇਗਾ। ਵਿਦਿਆਰਥੀ ਜਥੇਬੰਦੀਆਂ ਨੇ ਐੱਸ ਸੀ, ਐੱਸ ਟੀ, ਓ ਬੀ ਸੀ ਤੇ ਹੋਰਨਾਂ ਸੀਮਾਂਤ ਗਰੁੱਪਾਂ ਲਈ ਮੌਕੇ ਪੈਦਾ ਕਰਨ 'ਤੇ ਵੀ ਜ਼ੋਰ ਦਿੱਤਾ ਹੈ ਅਤੇ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਵਿਦਿਆਰਥੀ ਚੋਣਾਂ ਕਰਾਉਣ 'ਤੇ ਜ਼ੋਰ ਦਿੱਤਾ ਹੈ। ਇਨ੍ਹਾਂ ਹੋਰਨਾਂ ਹਮਖਿਆਲ ਵਿਦਿਆਰਥੀ ਜਥੇਬੰਦੀਆਂ ਨੂੰ 'ਯੂਨਾਈਟਿਡ ਸਟੂਡੈਂਟਸ ਆਫ ਇੰਡੀਆ' ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ। ਇਹ ਨਵਾਂ ਮੋਰਚਾ ਉਦੋਂ ਹੋਂਦ ਵਿਚ ਆਇਆ ਹੈ, ਜਦੋਂ ਆਪੋਜ਼ੀਸ਼ਨ ਪਾਰਟੀਆਂ ਨੇ ਭਾਜਪਾ ਨੂੰ ਕੇਂਦਰ ਵਿਚ ਸੱਤਾ ਤੋਂ ਲਾਂਭੇ ਕਰਨ ਲਈ 'ਇੰਡੀਆ' ਨਾਂਅ ਦਾ ਮਹਾਂ-ਗੱਠਜੋੜ ਬਣਾਇਆ ਹੈ। ਵੱਖ-ਵੱਖ ਦੇਸ਼ਾਂ ਵਿਚ ਤਾਨਾਸ਼ਾਹ ਹਾਕਮਾਂ ਨੂੰ ਬਦਲਣ ਵਿਚ ਵਿਦਿਆਰਥੀਆਂ ਨੇ ਫੈਸਲਾਕੁੰਨ ਰੋਲ ਨਿਭਾਇਆ ਹੈ। ਉਮੀਦ ਹੈ ਕਿ ਵਿਦਿਆਰਥੀਆਂ ਦਾ ਨਵਾਂ ਮੋਰਚਾ ਭਾਰਤ ਦੇ ਤਾਨਾਸ਼ਾਹਾਂ ਬਦਲਣ ਵਿਚ ਅਹਿਮ ਰੋਲ ਨਿਭਾਏਗਾ।

ਪੰਜਾਬ 'ਚ ਵਧ ਰਹੇ ਸਾਧਾਂ ਦੇ ਡੇਰੇ...

ਡਾਕਟਰ ਨਰਿੰਦਰ ਭੱਪਰ ਝਬੇਲਵਾਲੀ

ਅਸੀਂ ਅੱਜ ਕੱਲ੍ਹ ਅਖਬਾਰਾਂ ਵਿਚ ਅਕਸਰ ਪੜ੍ਹਦੇ ਹਾਂ ਫਲਾਨੇ ਥਾਂ ਸਾਧ ਨੇ ਕਿਸੇ ਦੇ ਬੱਚੇ ਦੀ ਬਲੀ ਦੇ ਦਿੱਤੀ। ਕਦੇ ਕਿਸੇ ਔਰਤ ਨਾਲ ਬਲਾਤਕਾਰ ਵਰਗਾ ਘਿਨੌਣਾ ਜੁਰਮ ਕੀਤਾ। ਕਿਸੇ ਦੀ ਆਰਥਕ ਲੁੱਟ ਕੀਤੀ । ਕੋਈ ਅਖੌਤੀ ਸਾਧ-ਸੰਤ ਕਿਸੇ ਦੀ ਧੀ ਭੈਣ ਨੂੰ ਵਰਗਲਾ ਕੇ ਲੈ ਗਿਆ। ਇਨ੍ਹਾਂ ਸਾਧਾਂ ਕੋਲ ਪੁੱਛ ਲੈਣ ਗਈ ਕਿਸੇ ਔਰਤ ਨੂੰ ਗੁਆਂਢੀਆਂ ਦਾ ਕੀਤਾ ਕਰਾਇਆ ਦੱਸ ਕੇ ਆਪਸ ਵਿੱਚ ਲੜਾ ਦਿੱਤਾ।

ਕਹਿਣ ਨੂੰ ਤਾਂ ਅਸੀਂ ਬਹੁਤ ਤਰੱਕੀ ਕਰ ਲਈ ਹੈ। ਚੰਦ ਤੇ ਪਹੁੰਚ ਗਏ ਹਾਂ, ਕੰਪਿਊਟਰ , ਜਹਾਜ਼, ਰੋਬਟ, ਮੋਬਾਈਲ ਫੋਨ ਆਦਿ ਨਵੀਆਂ ਚੀਜਾਂ ਦੀਆਂ ਕਾਢਾਂ ਕੱਢੀਆਂ ਹਨ। ਲਾਇਲਾਜ ਬਿਮਾਰੀਆਂ ਦਾ ਇਲਾਜ ਲੱਭ ਲਿਆ ਹੈ। ਹਰ ਖੇਤਰ ਵਿੱਚ ਤਰੱਕੀ ਕੀਤੀ ਹੈ। ਪਰ ਸਾਡਾ ਦਿਮਾਗ ਬੌਧਿਕ ਤੌਰ 'ਤੇ ਕਮਜ਼ੋਰ ਹੋ ਚੁੱਕਾ ਹੈ ਤੇ ਅਸੀਂ ਮਾਨਸਿਕ ਤੌਰ 'ਤੇ ਅਪਾਹਜ ਬਣ ਗਏ ਹਾਂ। ਅਸੀਂ ਆਪਣੇ ਸਾਰੇ ਦੁੱਖ-ਤਕਲੀਫਾਂ ਦਾ ਹੱਲ ਸਾਧੂ ਸੰਤਾਂ ਕੋਲੋਂ ਭਾਲਦੇ ਹਾਂ। ਡਾਕਟਰੀ ਇਲਾਜ ਦੀ ਬਜਾਏ ਅਸੀਂ ਆਪਣੀ ਬਿਮਾਰੀ ਦਾ ਇਲਾਜ ਧਾਗੇ-ਤਵੀਤਾਂ ਨਾਲ ਕਰਨਾ ਚਾਹੁੰਦੇ ਹਾਂ। ਇਸ ਲਈ ਅਸੀਂ ਡੇਰਿਆਂ ਦਾ ਰੁਖ ਕਰਦੇ ਹਾਂ । ਘਰੇ ਭਾਵੇਂ ਅਸੀਂ ਸਫਾਈ ਨਾ ਕੀਤੀ ਹੋਵੇ , ਪਰ ਡੇਰਿਆਂ ਵਿੱਚ ਝਾੜੂ ਜ਼ਰੂਰ ਮਾਰ ਕੇ ਆਉਂਦੇ ਹਾਂ । ਅਸੀਂ ਸਾਧਾਂ-ਸੰਤਾਂ ਨੂੰ ਤਾਂ ਬਹੁਤ ਪੂਜਦੇ ਹਾਂ ਪਰ ਬਜ਼ੁਰਗ ਮਾਤਾ-ਪਿਤਾ ਨੂੰ ਬਿਰਧ ਆਸ਼ਰਮਾਂ ਵੱਲ ਧਕੇਲ ਦਿੰਦੇ ਹਾਂ। ਘਰ ਭਾਵੇਂ ਬੱਚੇ ਰੋਟੀ ਤੋਂ ਮੁਥਾਜ ਭੁੱਖੇ ਬੈਠੇ ਰਹਿਣ ਪਰ ਸਾਧੂ-ਸੰਤਾਂ ਨੂੰ ਤਰ੍ਹਾਂ-ਤਰ੍ਹਾਂ ਦੇ ਪਕਵਾਨ ਖੁਆਉਂਦੇ ਹਾਂ। ਮਾਂ-ਪਿਓ, ਬੱਚਿਆਂ ਨੂੰ ਅਸੀਂ ਕੱਪੜੇ ਨਹੀਂ ਬਣਾ ਕੇ ਦਿੰਦੇ, ਸਾਧਾਂ-ਸੰਤਾਂ ਨੂੰ ਨਵੇਂ ਕੱਪੜੇ ਬਣਾ ਕੇ ਦਿੰਦੇ ਹਾਂ।

ਅਸੀਂ ਆਪਣੀਆਂ ਕਮਜ਼ੋਰੀਆਂ ਅਸਫਲਤਾਵਾਂ ਦਾ ਕਾਰਨ ਕਰਮਾਂ ਨੂੰ ਮੰਨਣ ਲੱਗ ਪਏ ਹਾਂ । ਜਦੋਂ ਕੋਈ ਸਾਡਾ ਕੰਮ ਨਹੀਂ ਹੁੰਦਾ ਤਾਂ ਅਸੀਂ ਕਹਿ ਦਿੰਦੇ ਹਾਂ ਕਿ ਸਾਧੂ-ਸੰਤਾਂ ਦੀ ਸੇਵਾ ਵਿਚ ਕੋਈ ਕਮੀ ਰਹਿ ਗਈ ਹੋਣੀ ਆ, ਜਾਂ ਸਾਥੋਂ ਕੋਈ ਭੁੱਲ ਹੋ ਗਈ ਹੋਣੀ ਹੈ । ਅੱਜ-ਕੱਲ੍ਹ ਦੇ ਸਾਧੂ ਸੰਤ ਸ਼ਹਿਰ ਜਾਂ ਪਿੰਡ ਤੋਂ ਬਾਹਰ ਇਕਾਂਤ ਵਿੱਚ ਡੇਰਾ ਬਣਾਉਂਦੇ ਹਨ । ਨੌਜਵਾਨਾਂ ਨੂੰ ਨਸ਼ੇ ਦਾ ਆਦੀ ਬਣਾ ਦਿੰਦੇ ਹਨ। ਦੜੇ-ਸੱਟੇ ਅਤੇ ਲਾਟਰੀ ਦਾ ਨੰਬਰ ਦੇਣ ਦਾ ਭਰੋਸਾ ਵੀ ਦਿੰਦੇ ਹਨ ।

ਔਰਤਾਂ ਖਾਸ ਕਰ ਇਨ੍ਹਾਂ ਸਾਧਾਂ ਦੀਆਂ ਬਹੁਤ ਸ਼ਰਧਾਲੂ ਹੁੰਦੀਆਂ ਹਨ । ਇਥੋਂ ਤੱਕ ਕਿ ਇਨ੍ਹਾਂ ਸਾਧਾਂ-ਸੰਤਾਂ ਦੇ ਮਗਰ ਲੱਗ ਕੇ ਕਿਸੇ ਦੇ ਬੱਚੇ ਦੀ ਬਲੀ ਵੀ ਦੇ ਦਿੰਦੀਆਂ ਹਨ ਤਾਂ ਕਿ ਇਨ੍ਹਾਂ ਦੇ ਬੱਚੇ ਦੀ ਖਾਹਸ਼ ਪੂਰੀ ਹੋ ਸਕੇ ।

ਇਹ ਅਖੌਤੀ ਸਾਧ-ਸੰਤ ਪੈਸੇ ਦੁੱਗਣੇ ਕਰਨ ਦਾ ਵੀ ਦਾਅਵਾ ਕਰਦੇ ਹਨ। ਇਨ੍ਹਾਂ ਨੂੰ ਪੁੱਛਣ ਵਾਲਾ ਹੋਵੇ ਕਿ ਜੇਕਰ ਇਸ ਤਰ੍ਹਾਂ ਪੈਸੇ ਦੁੱਗਣੇ ਹੋ ਜਾਂਦੇ ਤਾਂ ਤੁਸੀਂ ਘਰ-ਬਾਰ ਛੱਡ ਕੇ ਡੇਰੇ ਵਿੱਚ ਕਿਉਂ ਰਹਿੰਦੇ।

ਸਾਧੂ ਸੰਤਾਂ ਕੋਲ ਵੱਡਾ ਵੋਟ ਬੈਂਕ ਹੁੰਦਾ ਹੈ। ਲੀਡਰ ਲੋਕ ਸਾਧੂ ਸੰਤਾਂ ਦੇ ਪੈਰੀਂ ਹੱਥ ਲਾਉਂਦੇ ਹਨ। ਅਸੀਂ ਡੇਰਿਆਂ ਨੂੰ ਖੂਨ-ਪਸੀਨੇ ਦੀ ਕਮਾਈ ਦਾਨ ਕਰ ਦਿੰਦੇ ਹਾਂ, ਤਾਂ ਕਿ ਡੇਰਾ ਵੱਡਾ ਬਣ ਜਾਵੇ, ਪਰ ਸਕੂਲਾਂ, ਕਾਲਜਾਂ ਅਤੇ ਹਸਪਤਾਲਾਂ ਨੂੰ ਦਾਨ ਦੇ ਕੇ ਰਾਜ਼ੀ ਨਹੀਂ। ਅੱਜ ਕੱਲ੍ਹ ਸੋਸ਼ਲ ਮੀਡੀਏ ਦਾ ਯੁੱਗ ਹੈ। ਬਿਨਾਂ ਕਿਸੇ ਉਦੇਸ਼ ਦੇ ਕਾਲਪਨਿਕ ਸੀਰੀਅਲ ਵਿਖਾਈ ਜਾਂਦੇ ਹਨ। ਕਈ ਅਖਬਾਰਾਂ ਵਿਚ ਮਸਲੇ ਹੱਲ ਹੋਣ ਦੇ ਗਰੰਟੀਸ਼ੁਦਾ ਇਸ਼ਤਿਹਾਰ ਦਿੱਤੇ ਜਾਂਦੇ ਹਨ।

ਇਨ੍ਹਾਂ ਪਾਖੰਡੀ ਸਾਧਾਂ ਸੰਤਾਂ ਬਾਰੇ ਸਰਕਾਰ ਕੁਝ ਨਹੀਂ ਕਰਦੀ ਕਿਉਂਕਿ ਇਹ ਮਿਲੇ ਹੋਏ ਹਨ। ਅੱਜ-ਕੱਲ੍ਹ ਕਈ ਅਖੌਤੀ ਸਾਧੂ-ਸੰਤ ਜੇਲ੍ਹ ਦੀ ਹਵਾ ਖਾ ਰਹੇ ਹਨ। ਆਓ ਆਪਾਂ ਰਲ ਕੇ ਸਰਕਾਰ ਤੋਂ ਝਾਕ ਰੱਖਣ ਦੀ ਬਜਾਏ ਆਪਣੇ ਤੌਰ 'ਤੇ ਅਖੌਤੀ ਸਾਧੂ-ਸੰਤਾਂ ਬਾਰੇ ਲੋਕਾਂ ਨੂੰ ਜਾਗਰੂਕ ਕਰੀਏ।

ਸੰਪਰਕ : 62841-45349

ਗ਼ਦਰ ਪਾਰਟੀ ਦੇ ਗੜ੍ਹ ਢੁੱਡੀਕੇ ਦੇ ਗ਼ਦਰੀ ਬਾਬੇ

ਅਮੋਲਕ ਸਿੰਘ

110 ਵਰ੍ਹੇ ਬੀਤ ਜਾਣ 'ਤੇ ਵੀ ਗ਼ਦਰ ਪਾਰਟੀ ਦੇ ਮੁੱਖ ਕੇਂਦਰ ਰਹੇ ਢੁੱਡੀਕੇ ਦੇ ਗ਼ਦਰੀ ਬਾਬੇ, ਮੁਲਕ ਦੀ ਅਜੋਕੀ ਜੁਆਨੀ ਲਈ ਪ੍ਰੇਰਨਾ-ਸ੍ਰੋਤ ਹਨ। ਇਤਿਹਾਸ ਦੇ ਸੁਨਹਿਰੀ ਪੰਨੇ ਕਦੇ ਬੁੱਢੇ ਨਹੀਂ ਹੁੰਦੇ। ਲੋਕ-ਸਰੋਕਾਰਾਂ ਨੂੰ ਪ੍ਰਣਾਇਆ, ਲੋਕਾਂ ਦੁਆਰਾ ਸਿਰਜਿਆ ਇਤਿਹਾਸ, ਵਕਤ ਬੀਤਣ 'ਤੇ ਹੋਰ ਵੀ ਪ੍ਰਸੰਗਕ ਅਤੇ ਸਾਰਥਕ ਹੋ ਨਿਬੜਦਾ ਹੈ। ਇਤਿਹਾਸ ਦੇ ਨਾਇਕ, ਸੰਗਰਾਮੀ ਕਾਮਿਆਂ ਦੀ ਸੋਚ ਦੇ ਬੀਜ਼ ਅਜਾਈਂ ਨਹੀਂ ਜਾਂਦੇ। ਸਮਾਜ ਦੇ ਸਿਰਜਕ, ਸਮਾਜ ਅੰਦਰਲੀਆਂ ਕੁਦਰਤੀ ਅਨਮੋਲ ਨਿਆਮਤਾਂ ਅਤੇ ਮਿਹਨਤ-ਮੁਸ਼ੱਕਤ ਨਾਲ ਪੈਦਾ ਕੀਤੇ ਫਲ ਦੇ ਮਾਲਕ ਨਾ ਬਣ ਜਾਣ ਇਸ ਦਿਸ਼ਾ ਵੱਲ ਜਾਂਦੇ ਸਾਰੇ ਰਾਹ ਬੰਦ ਕਰਨ ਲਈ ਲੋਕ-ਦੋਖੀ ਨਿਜ਼ਾਮ ਵੱਲੋਂ ਵੰਨ-ਸੁਵੰਨੇ ਰੱਸੇ-ਪੈੜੇ ਵੱਟੇ ਜਾਂਦੇ ਹਨ। ਬਲ ਅਤੇ ਛਲ ਦੇ ਸਾਰੇ ਓਹੜ-ਪੋਹੜ ਕਰਦੀ ਸਥਾਪਤੀ, ਇਹਨਾਂ ਬੀਜਾਂ ਦੇ ਮੁੜ-ਮੁੜ ਪੁੰਗਰਨ ਅਤੇ ਮੌਲਰਨ ਨੂੰ ਤੱਕ ਕੇ ਹੱਕੀ-ਬੱਕੀ ਰਹਿ ਜਾਂਦੀ ਹੈ।

ਇਤਿਹਾਸ ਦੀ ਅੱਖ ਸਭ ਕੁੱਝ ਦੀ ਨਿਰਖ਼-ਪਰਖ਼ ਕਰ ਰਹੀ ਹੁੰਦੀ ਹੈ। ਹਰ ਯੁੱਗ ਅੰਦਰ ਡਾਢੇ ਜ਼ੋਰਾਵਰਾਂ ਨੂੰ ਇਹ ਭਰਮ-ਰੋਗ ਰਿਹਾ ਹੈ ਕਿ ਵਕਤ ਉਹਨਾਂ ਦੀਆਂ ਉਂਗਲਾਂ 'ਤੇ ਨੱਚਦਾ ਰਹੇਗਾ। ਸੱਚ ਵੀ ਭਲਾ ਕਦੇ ਦਫ਼ਨ ਹੋਇਆ ਹੈ। ਲੋਕ-ਆਵਾਜ਼, ਲੋਕ-ਰੋਹ ਦੇ ਜਵਾਰਭਾਟੇ, ਭੁਚਾਲ ਝਟਕੇ ਸਮਾਂ ਪੈਣ 'ਤੇ ਹੇਠਲੀ ਉਪਰ ਕਰ ਦਿੰਦੇ ਨੇ।

ਪੰਜਾਬ ਦੇ ਨਾਮਵਰ ਪਿੰਡ ਢੁੱਡੀਕੇ ਦੀ ਵੀ ਇਹੋ ਅਮਰ ਕਹਾਣੀ ਹੈ। ਪਿੰਡ ਦੇ ਘਰਾਂ, ਗਲੀਆਂ, ਫਿਰਨੀਆਂ, ਖੇਤਾਂ ਅਤੇ ਖੂਹਾਂ 'ਤੇ ਆਜ਼ਾਦੀ ਸੰਗਰਾਮੀਆਂ ਦੀਆਂ ਪੈੜਾਂ, ਅੱਜ ਵੀ ਨਾਵਲ, ਕਹਾਣੀਆਂ, ਗੀਤਾਂ, ਸ਼ਹੀਦੀ ਸਮਾਗਮਾਂ ਅਤੇ ਗ਼ਦਰੀ ਬਾਬਿਆਂ ਦੀ ਯਾਦ 'ਚ ਹਰ ਸਾਲ ਪਹਿਲੀ ਨਵੰਬਰ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਲੱਗਦੇ ਮੇਲੇ 'ਚ ਸ਼ਾਮਲ ਹੁੰਦੇ ਜੱਥਿਆਂ ਮੌਕੇ ਬੋਲਦੀਆਂ, ਲਿਸ਼ਕਦੀਆਂ ਹਨ। ਢੁੱਡੀਕੇ ਦੇ ਗ਼ਦਰੀ ਬਾਬਿਆਂ ਦੀਆਂ ਡਾਇਰੀਆਂ, ਮੁਲਾਕਾਤਾਂ, ਸਵੈ-ਕਥਨ ਅਤੇ ਹੋਰ ਬਹੁਤ ਕੁਝ ਜਿਉਂਦਾ-ਜਾਗਦਾ, ਬੋਲਦਾ ਅਤੇ ਉਹਨਾਂ ਦੇ ਅਧੂਰੇ ਸੁਪਨੇ ਪੂਰੇ ਕਰਨ ਲਈ ਨਿਰੰਤਰ ਚੱਲ ਰਹੇ ਸੰਗਰਾਮਾਂ ਅੰਦਰ ਗੂੰਜਦਾ ਹੈ। ਗ਼ਦਰੀ ਬਾਬੇ ਖਾਸ ਕਰਕੇ ਔਝੜੇ ਰਾਹਾਂ ਵੱਲ ਧੱਕੀ ਜਾ ਰਹੀ ਪੰਜਾਬ ਦੀ ਜੁਆਨੀ ਨੂੰ ਹਲੂਣਦੇ ਹਨ; 'ਨੌਜਵਾਨੋ! ਜਾਗੋ! ਸੁੱਤਿਆਂ ਨੂੰ ਯੁੱਗ ਬੀਤ ਗਏ।'

ਇਹ ਗ਼ਦਰੀ ਬਾਬੇ, ਮਹਿਜ਼ ਬਾਤਾਂ ਨਹੀਂ ਸੁਣਾਉਂਦੇ, ਉਪਦੇਸ਼ ਨਹੀਂ ਦਿੰਦੇ, ਆਪਣੇ ਹੱਡ ਭੰਨ ਕੇ 20-20 ਸਾਲ ਜੇਲ੍ਹਾਂ, ਪਿੰਜਰਿਆਂ ਅੰਦਰ ਸਿਦਕਦਿਲੀ ਨਾਲ ਆਜ਼ਾਦੀ, ਬਰਾਬਰੀ ਅਤੇ ਧਰਮ-ਨਿਰਪੱਖਤਾ ਦਾ ਪਰਚਮ ਬੁਲੰਦ ਕਰਕੇ ਮਹਿੰਗੇ ਮੁੱਲ ਤਾਰ ਕੇ ਇਤਿਹਾਸ ਦੀ ਝੋਲੀ ਪਾਏ ਅਮੁੱਲੇ ਸਬਕਾਂ ਦੀ ਲੋਅ ਵਿੱਚੋਂ ਗ਼ਦਰੀ ਅਤੇ ਸਮੂਹ ਦੇਸ਼ ਭਗਤ ਬੋਲਦੇ ਹਨ।

ਢੁੱਡੀਕੇ ਪਿੰਡ ਅਤੇ ਇਸ ਦੀ ਜੂਹ ਅੰਦਰ ਗ਼ਦਰੀ ਬਾਬਿਆਂ ਦੀ ਪੈੜ-ਚਾਲ ਅੱਜ ਵੀ ਮਹਿਸੂਸ ਹੁੰਦੀ ਹੈ। ਇਉਂ ਜਾਪਦਾ ਹੈ ਜਿਵੇਂ ਉਹ ਅੱਜ ਵੀ ਆਪਣੇ ਧੀਆਂ-ਪੁੱਤਰਾਂ ਅਤੇ ਪੋਤਰੀਆਂ-ਪੋਤਿਆਂ ਨੂੰ ਥਾਪੀ ਦੇ ਕੇ ਦਿੱਲੀ ਕਿਸਾਨ ਮੋਰਚੇ ਸਮੇਤ ਹਰ ਹੱਕੀ ਸੰਗਰਾਮ ਵਿੱਚ ਤੋਰ ਰਹੇ ਹੋਣ।

1907-10 ਦੇ ਸਮਿਆਂ ਵਿੱਚ ਮੁਲਕ ਭੁੱਖਾਂ, ਦੁੱਖਾਂ, ਕਰਜ਼ਿਆਂ, ਕੰਗਾਲੀ, ਮੰਦਹਾਲੀ 'ਚ ਮਧੋਲਿਆ ਗਿਆ। ਰੋਟੀ-ਰੋਜ਼ੀ ਦੀ ਭਾਲ ਵਿੱਚ ਇਥੋਂ ਦੀ ਜੁਆਨੀ ਨੇ ਫੌਜਾਂ ਵਿੱਚ ਭਰਤੀ ਹੋਣ ਅਤੇ ਪ੍ਰਦੇਸਾਂ ਵੱਲ ਮਜਬੂਰੀ ਵਸ ਚਾਲੇ ਪਾਏ। ਅਨੇਕਾਂ ਦੁਸ਼ਵਾਰੀਆਂ ਨਾਲ ਮੱਥਾ ਲੱਗਾ। ਉਹ ਗਹਿਰੀਆਂ ਸੋਚਾਂ ਵਿੱਚ ਪੈ ਗਏ; 'ਕੀ ਖੱਟਿਆ ਬਦੇਸ਼ ਵਿੱਚ ਆ ਕੇ...!' ਇੱਕ-ਦੂਜੇ ਨਾਲ ਪ੍ਰਵਾਸ ਅਤੇ ਆਪਣੇ ਵਤਨ ਪਿੱਛੇ ਛੱਡ ਆਏ ਘਰਾਂ ਦੀ ਹਾਲਤ ਬਾਰੇ ਵਿਚਾਰਾਂ ਕਰਨ ਲੱਗੇ। ਗਹਿਰ-ਗੰਭੀਰ ਸਵੈ-ਮੰਥਨ ਨੇ ਸਿਰ ਜੋੜਨ ਅਤੇ ਜੱਥੇਬੰਦ ਹੋਣ ਦੀ ਅਣਸਰਦੀ ਲੋੜ ਨੂੰ ਜਰਬਾਂ ਦਿੱਤੀਆਂ। 'ਹਿੰਦੀ ਐਸੋਸੀਏਸ਼ਨ ਆਫ਼ ਪੈਸੇਫ਼ਿਕ ਕੋਸਟ' ਨਾਮੀਂ ਜਥੇਬੰਦੀ ਅਮਰੀਕਾ ਦੀ ਧਰਤੀ 'ਤੇ ਖੜ੍ਹੀ ਕੀਤੀ।

ਇਸ ਸੰਸਥਾ ਨੇ 1 ਨਵੰਬਰ 1913 ਨੂੰ 'ਗ਼ਦਰ' ਨਾਮੀਂ ਅਖ਼ਬਾਰ ਕੱਢਿਆ। ਵੱਖ-ਵੱਖ ਭਾਸ਼ਾਵਾਂ ਵਿੱਚ ਹਫ਼ਤਾਵਾਰੀ ਇਸ ਅਖ਼ਬਾਰ ਨੇ ਲੋਕਾਂ ਦੀ ਸੁੱਤੀ ਅੱਖ ਉਘਾੜ ਦਿੱਤੀ। ਗ਼ਦਰ ਅਖ਼ਬਾਰ ਦੀ ਮਕਬੂਲੀਅਤ ਕਾਰਨ ਇਹ ਜਥੇਬੰਦੀ, 'ਗ਼ਦਰ ਪਾਰਟੀ' ਵਜੋਂ ਹੀ ਲੋਕਾਂ ਦੀ ਮਹਿਬੂਬ ਜਥੇਬੰਦੀ ਬਣ ਗਈ। 'ਗ਼ਦਰ' ਅਖ਼ਬਾਰ ਨੇ ਨਗਾਰੇ ਦੀ ਚੋਟ ਅਜਿਹੀ ਲਾਈ ਕਿ ਆਪਣੇ ਮੁਲਕ ਅੰਦਰਲੀ ਗ਼ੁਲਾਮੀ ਦੇ ਭੰਨੇ, ਬਦੇਸ਼ਾਂ ਵਿੱਚ ਸੁੱਖ ਭਾਲਣ ਆਏ ਦੂਹਰੀ-ਤੀਹਰੀ ਗ਼ੁਲਾਮੀ ਭੋਗ ਰਹੇ ਪ੍ਰਵਾਸੀ ਭਾਰਤੀਆਂ ਵਿਸ਼ੇਸ਼ ਕਰਕੇ ਪੰਜਾਬੀਆਂ ਨੂੰ 'ਦੇਸ਼ ਨੂੰ ਚੱਲੋ, ਆਜ਼ਾਦੀ ਲਈ ਗ਼ਦਰ ਕਰੋ' ਦੀਆਂ ਗ਼ਦਰੀ ਗੂੰਜਾਂ ਨੇ ਝੰਜੋੜ ਕੇ ਰੱਖ ਦਿੱਤਾ। ਇਸ ਵਰਤਾਰੇ ਦੀਆਂ ਲੜੀਆਂ ਅਤੇ ਕੜੀਆਂ ਵਿੱਚ ਜਿੱਥੇ ਪਿੰਡ ਸੁਰ ਸਿੰਘ (ਅੰਮ੍ਰਿਤਸਰ), ਸੰਘਵਾਲ (ਜਲੰਧਰ) ਕੇਂਦਰ ਬਣ ਕੇ ਉੱਭਰੇ, ਓਥੇ ਢੁੱਡੀਕੇ ਪਿੰਡ ਮੁੱਖ ਕੇਂਦਰ ਵਜੋਂ ਸਾਹਮਣੇ ਆਇਆ। ਇਸ ਨਗਰ ਦੇ ਗ਼ਦਰੀ ਬਾਬਿਆਂ ਦੀ ਕਹਾਣੀ ਲੰਮੀ ਹੈ। ਇਸ ਦੇ ਕੁੱਝ ਅੰਸ਼ ਹੀ ਵਿਰਾਟ ਅਤੇ ਅਦੁੱਤੀ ਤਸਵੀਰ ਦੇ ਦੀਦਾਰ ਕਰਵਾ ਦਿੰਦੇ ਹਨ। ਢੁੱਡੀਕੇ ਅਤੇ ਵੰਨੇ-ਚੰਨੇ ਦੇ

24-NOV-PAGE-5.qxd 11/23/2023 10:54 PM Page 1

ਕਾਲਾ ਧਨ ਵਿਦੇਸ਼ ਭੇਜਣ ਬਦਲੇ ਤੋਮਰ ਨੂੰ ਬਰਖਾਸਤ ਕਰਕੇ ਕਰਵਾਈ ਜਾਵੇ ਜਾਂਚ : ਲਿਬਰੇਸ਼ਨ

ਗੁਰਧਾਮਾਂ ਦੀ ਦੁਰਵਰਤੋਂ ਕਰਕੇ ਕਾਲਾ ਧੰਦਾ ਕਰਨ ਬਦਲੇ ਮਨਜਿੰਦਰ ਸਿਰਸਾ ਖਿਲਾਫ ਹੋਵੇ ਕੇਸ ਦਰਜ

ਮਾਨਸਾ (ਆਤਮਾ ਸਿੰਘ ਪਮਾਰ)

ਸੀਪੀਆਈ (ਐੱਮ ਐੱਲ) ਲਿਬਰੇਸ਼ਨ ਨੇ ਦੇਸ਼ ਦੇ ਰਾਸ਼ਟਰਪਤੀ ਤੋਂ ਮੰਗ ਕੀਤੀ ਹੈ ਕਿ ਪੰਜਾਬੀ ਮੂਲ ਦੇ ਇਕ ਕੈਨੇਡੀਅਨ ਨਾਗਰਿਕ ਜਗਮਨਦੀਪ ਸਿੰਘ ਵੱਲੋਂ ਕੇਂਦਰੀ ਕੈਬਨਿਟ ਮੰਤਰੀ ਨਰਿੰਦਰ ਤੋਮਰ ਤੇ ਉਸ ਦੇ ਪਰਿਵਾਰ ਅਤੇ ਸਬੂਤਾਂ ਸਹਿਤ ਲਾਏ ਗਏ ਹਜ਼ਾਰਾਂ ਕਰੋੜ ਰੁਪਏ ਦੇ ਧਨ ਨੂੰ ਗੈਰ-ਕਾਨੂੰਨੀ ਤੌਰ 'ਤੇ ਵਿਦੇਸ਼ਾਂ ਵਿੱਚ ਲਿਜਾਣ ਅਤੇ ਪੰਜਾਬ ਦੀ ਇਕ ਜੇਲ੍ਹ ਵਿੱਚੋਂ ਭਗੌੜੇ ਹੋਣ ਪਿੱਛੋਂ ਜਗਮਨਦੀਪ ਨੂੰ ਮਹੀਨਿਆਂ ਬੱਧੀ ਅਪਣੇ ਸਰਕਾਰੀ ਨਿਵਾਸ ਵਿੱਚ ਪਨਾਹ ਦੇਣ ਦੇ ਦੋਸ਼ਾਂ ਦੇ ਮੱਦੇਨਜ਼ਰ ਤੋਮਰ ਨੂੰ ਤੁਰੰਤ ਕੇਂਦਰੀ ਮੰਤਰੀ ਮੰਡਲ ਵਿੱਚੋਂ ਬਰਖਾਸਤ ਕੀਤਾ ਜਾਵੇ ਅਤੇ ਇਸ ਸਮੁੱਚੇ ਕਾਲੇ ਧੰਦੇ ਦੀ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਸਮਾਂਬੱਧ ਜਾਂਚ ਕਰਵਾਈ ਜਾਵੇ।

ਲਿਬਰੇਸ਼ਨ ਦੇ ਸੂਬਾਈ ਬੁਲਾਰੇ ਕਾਮਰੇਡ ਸੁਖਦਰਸ਼ਨ ਸਿੰਘ ਨੱਤ ਵੱਲੋਂ ਜਾਰੀ ਇਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਜਿੱਥੇ ਪਹਿਲਾਂ ਜਗਮਨਦੀਪ ਤੇ ਨਰਿੰਦਰ ਤੋਮਰ ਦੇ ਬੇਟੇ ਦੇਵਿੰਦਰ ਤੋਮਰ ਦਰਮਿਆਨ 500 ਕਰੋੜ ਰੁਪਏ ਦੇ ਕਾਲੇ ਧਨ ਦੇ ਲੈਣ ਦੇਣ ਬਾਬਤ ਇਕ ਵੀਡਿਓ ਵਾਇਰਲ ਹੋਈ ਸੀ, ਜਿਸ ਨੂੰ ਤੋਮਰ ਅਤੇ ਬੀਜੇਪੀ ਲੀਡਰਸ਼ਿਪ ਵੱਲੋਂ ਰੁਟੀਨ ਵਿੱਚ 'ਫੇਕ' ਕਰਾਰ ਦੇ ਕੇ ਰਫਾ-ਦਫਾ ਕਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਛੇਤੀ ਹੀ ਖੁਦ ਜਗਮਨਦੀਪ ਨੇ ਸੋਸ਼ਲ ਮੀਡੀਆ 'ਤੇ ਸਾਹਮਣੇ ਆ ਕੇ ਨਾ ਸਿਰਫ ਇਸ ਵੀਡੀਓ ਦੀ ਪੁਸ਼ਟੀ ਕੀਤੀ, ਬਲਕਿ ਦੱਸਿਆ ਕਿ ਕਿਵੇਂ ਖੁਦ ਉਸ ਦੇ ਜ਼ਰੀਏ ਤੋਮਰ ਪਰਿਵਾਰ ਵੱਲੋਂ ਭ੍ਰਿਸ਼ਟਾਚਾਰ ਜ਼ਰੀਏ ਲੁੱਟਿਆ ਦੇਸ਼ ਦਾ ਦਸ ਹਜ਼ਾਰ ਕਰੋੜ ਰੁਪਏ ਤੋਂ ਵਧੇਰੇ ਧਨ ਕੈਨੇਡਾ ਤੇ ਹੋਰਨਾਂ ਦੇਸ਼ਾਂ ਵਿੱਚ ਲਿਜਾਇਆ ਗਿਆ ਅਤੇ ਵੱਖ ਵੱਖ ਕਾਰੋਬਾਰਾਂ ਵਿੱਚ ਲਾਇਆ ਗਿਆ। ਜਗਮਨਦੀਪ ਨੇ ਤੋਮਰ ਪਰਿਵਾਰ ਵੱਲੋਂ ਇਹ ਕਾਲਾ ਧਨ ਵਿਦੇਸ਼ ਪਹੁੰਚਾਉਣ ਤੇ ਸਿਆਸੀ ਸੌਦੇਬਾਜ਼ੀ ਲਈ ਵਿਦੇਸੋਂ ਮੁੜ ਦੇਸ਼ ਲਿਆਉਣ ਵਿੱਚ ਦਿੱਲੀ ਗੁਰਦੁਆਰਾ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਤੇ ਹੁਣ ਬੀਜੇਪੀ ਵਿੱਚ ਸ਼ਾਮਲ ਹੋ ਚੁੱਕੇ ਅਕਾਲੀ ਨੇਤਾ ਮਨਜਿੰਦਰ ਸਿੰਘ ਸਿਰਸਾ ਵੱਲੋਂ ਗੁਰਦੁਆਰਾ ਕਮੇਟੀ ਤੇ ਗੁਰੂ ਦੀ ਗੋਲਕ ਦੀ ਕੀਤੀ ਗਈ ਸ਼ਰਮਨਾਕ ਦੁਰਵਰਤੋਂ ਦਾ ਵੀ ਖੁੱਲ੍ਹ ਕੇ ਵੇਰਵਾ ਦਿੱਤਾ ਹੈ। ਇਸ ਕਰਕੇ ਅਸੀਂ ਮੰਗ ਕਰਦੇ ਹਾਂ ਕਿ ਮਨਜਿੰਦਰ ਸਿਰਸਾ ਖਿਲਾਫ ਵੀ ਨਾ ਸਿਰਫ ਹਵਾਲਾ ਕਾਰੋਬਾਰ ਕਰਨ ਬਦਲੇ ਫੇਰਾ ਐਕਟ ਤਹਿਤ ਕੇਸ ਦਰਜ ਕੀਤਾ ਜਾਵੇ, ਬਲਕਿ ਗੁਰੂ ਘਰ ਦੀ ਬੇਅਦਬੀ ਕਰਨ ਬਦਲੇ ਜਥੇਦਾਰ ਸ੍ਰੀ ਆਕਾਲ ਤਖਤ ਸਾਹਿਬ ਵੀ ਸਿਰਸਾ ਨੂੰ ਤੁਰੰਤ ਤਲਬ ਕਰਨ ਅਤੇ ਪੰਥ ਵਿੱਚੋਂ ਛੇਕਣ ਵਰਗੀ ਸਖਤ ਸਜ਼ਾ ਦੇਣ। ਬਿਆਨ ਵਿੱਚ ਇਸ ਗੰਭੀਰ ਮੁੱਦੇ 'ਤੇ ਐੱਸਜੀਪੀਸੀ ਸਮੇਤ ਤਮਾਮ ਸਿਆਸੀ ਪਾਰਟੀਆਂ ਵੱਲੋਂ ਧਾਰੀ ਸਾਜ਼ਿਸ਼ੀ ਚੁੱਪ ਉਤੇ ਵੀ ਸੁਆਲ ਉਠਾਏ ਗਏ ਹਨ।

ਮਜ਼ਦੂਰ ਵਿਰੋਧੀ ਚਾਰ ਲੇਬਰ ਕੋਡ ਕਿਸੇ ਕੀਮਤ 'ਤੇ ਲਾਗੂ ਨਹੀਂ ਹੋਣ ਦੇਵਾਗੇ : ਐਡਵੋਕੇਟ ਉੱਡਤ

ਜਨ ਸੰਪਰਕ ਮੁਹਿੰਮ ਤਹਿਤ ਪਿੰਡ ਦੂਲੋਵਾਲ ਵਿਖੇ ਕੀਤੀ ਜਨਤਕ ਮੀਟਿੰਗ

ਮਾਨਸਾ (ਪਮਾਰ)-ਕਰੋਨਾ ਦੀ ਆੜ ਵਿੱਚ ਦੇਸ਼ ਦੀ ਫਾਸ਼ੀਵਾਦੀ ਕਾਰਪੋਰੇਟ ਘਰਾਣਿਆਂ ਪੱਖੀ ਮੋਦੀ ਹਕੂਮਤ ਵੱਲੋਂ 46 ਲੇਬਰ ਕਾਨੂੰਨ ਦਾ ਭੋਗ ਪਾ ਕੇ ਲਿਆਂਦੇ ਮਜ਼ਦੂਰ ਜਮਾਤ ਵਿਰੋਧੀ ਚਾਰ ਲੇਬਰ ਕੋਡਾਂ ਨੂੰ ਕਿਸੇ ਵੀ ਕੀਮਤ 'ਤੇ ਲਾਗੂ ਨਹੀਂ ਹੋਣ ਦੇਵਾਂਗੇ ਤੇ ਮਜ਼ਦੂਰ ਵਰਗ ਜਥੇਬੰਦ ਹੋ ਕੇ ਇਤਿਹਾਸਕ ਕਿਸਾਨੀ ਅੰਦੋਲਨ ਵਾਂਗ ਇੱਕ ਵੱਡਾ ਅੰਦੋਲਨ ਇਨ੍ਹਾਂ ਚਾਰ ਲੇਬਰ ਕੋਡਾਂ ਦੇ ਖਿਲਾਫ ਭਵਿੱਖ ਵਿੱਚ ਖੜਾ ਕਰੇਗਾ ਤੇ ਮੋਦੀ ਹਕੂਮਤ ਨੂੰ ਦੇਸ਼ ਵਿੱਚੋਂ ਵਿਦਾ ਕਰਕੇ ਹੀ ਦਮ ਲਵੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਜਨ ਸੰਪਰਕ ਮੁਹਿੰਮ ਤਹਿਤ ਪਿੰਡ ਦੂਲੋਵਾਲ ਵਿਖੇ ਜਨਤਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਤੇ ਏਟਕ ਦੇ ਸੂਬਾਈ ਆਗੂ ਐਡਵੋਕੇਟ ਕੁਲਵਿੰਦਰ ਸਿੰਘ ਉੱਡਤ ਨੇ ਕੀਤਾ। ਐਡਵੋਕੇਟ ਉੱਡਤ ਨੇ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਦਿੱਤੀਆਂ ਗਰੰਟੀਆਂ ਨੂੰ ਵਿਸਾਰ ਚੁੱਕੀ ਹੈ ਤੇ ਮੋਦੀ ਹਕੂਮਤ ਦੇ ਇਸ਼ਾਰੇ 'ਤੇ ਮਜ਼ਦੂਰ ਵਿਰੋਧੀ ਨੀਤੀਆਂ 'ਤੇ ਪਹਿਰਾ ਦੇਣ ਦਾ ਕੰਮ ਕਰ ਰਹੀ ਹੈ। ਉਨ੍ਹਾ ਕਿਹਾ ਕਿ ਮਾਨ ਸਰਕਾਰ ਲੋਕਾਂ ਦੇ ਫਤਵੇ ਦੀ ਕਦਰ ਕਰੇ ਤੇ ਲੋਕ ਪੱਖੀ ਨੀਤੀਆਂ ਲਾਗੂ ਕਰਕੇ ਆਮ ਆਦਮੀ ਦਾ ਜੀਵਨ ਪੱਧਰ ਉੱਚਾ ਚੁੱਕਣ ਦਾ ਯਤਨ ਕਰੇ, ਨਹੀਂ ਤਾਂ ਸੱਤਾ ਤੋਂ ਲਾਂਭੇ ਹੋਣ ਲਈ ਤਿਆਰ ਰਹੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਥੀ ਬਲਦੇਵ ਸਿੰਘ ਦੂਲੋਵਾਲ, ਰਾਜਿੰਦਰ ਸਿੰਘ ਹੀਰੇਵਾਲਾ, ਬਲਦੇਵ ਸਿੰਘ ਉੱਡਤ, ਬਲਵਿੰਦਰ ਸਿੰਘ ਕੋਟਧਰਮੂ, ਕਾਲਾ ਖਾਂ ਭੰਮੇ, ਗੁਰਜੰਟ ਕੋਟਧਰਮੂ, ਕਰਨੈਲ ਸਿੰਘ ਦੂਲੋਵਾਲ, ਤੇਜਾ ਸਿੰਘ ਦੂਲੋਵਾਲ, ਰੂਪ ਸਿੰਘ ਦੂਲੋਵਾਲ, ਹਰਬੰਸ ਸਿੰਘ ਦੂਲੋਵਾਲ, ਜੀਵਨ ਸਿੰਘ ਦੂਲੋਵਾਲ, ਅੰਗਰੇਜ਼ ਦੂਲੋਵਾਲ, ਜੱਗਾ ਸਿੰਘ ਦੂਲੋਵਾਲ ਆਦਿ ਹਾਜ਼ਰ ਸਨ।

ਪੰਜਾਬ ਖੇਤ ਮਜ਼ਦੂਰ ਸਭਾ ਦਾ ਅਜਲਾਸ ਤੇ ਰੈਲੀ ਫਰੀਦਕੋਟ 'ਚ 25 ਤੇ 26 ਨੂੰ

ਜਲਾਲਾਬਾਦ (ਜੀਤ ਕੁਮਾਰ)

ਪੰਜਾਬ ਖੇਤ ਮਜ਼ਦੂਰ ਸਭਾ ਬਲਾਕ ਜਲਾਲਾਬਾਦ ਦੇ ਪ੍ਰਧਾਨ ਕਾਮਰੇਡ ਮੁਖਤਿਆਰ ਸਿੰਘ ਕਮਰੇਵਾਲਾ, ਬਲਾਕ ਸਕੱਤਰ ਕਾਮਰੇਡ ਬਲਵੀਰ ਸਿੰਘ ਕਾਠਗੜ੍ਹ ਤੇ ਕਾਮਰੇਡ ਦਲਜੀਤ ਸਿੰਘ ਸਹਿਗਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੇਂਡੂ ਮਜ਼ਦੂਰਾਂ ਨਾਲ ਸਬੰਧਤ ਜਥੇਬੰਦੀ ਪੰਜਾਬ ਖੇਤ ਮਜ਼ਦੂਰ ਸਭਾ ਦਾ 33ਵਾਂ ਸੂਬਾਈ ਅਜਲਾਸ ਤੇ ਰੈਲੀ 25 ਤੇ 26 ਨਵੰਬਰ ਨੂੰ ਅਮਨ ਪੈਲੇਸ ਰੈੱਡ ਕਰਾਸ ਭਵਨ ਫਰੀਦਕੋਟ ਵਿਖੇ ਹੋਵੇਗਾ, ਜਿਸ ਵਿੱਚ ਕਾਮਰੇਡ ਡੀ. ਰਾਜਾ ਸਾਬਕਾ ਸਾਂਸਦ ਤੇ ਸੀਪੀਆਈ ਦੇ ਸੂਬਾ ਜਨਰਲ ਸਕੱਤਰ, ਕਾ. ਗੁਲਜਾਰ ਸਿੰਘ ਗੋਰੀਆ ਜਨਰਲ ਸਕੱਤਰ ਭਾਰਤੀ ਖੇਤ ਮਜ਼ਦੂਰ ਯੂਨੀਅਨ, ਸੀਪੀਆਈ ਦੇ ਸੂਬਾ ਸਕੱਤਰ ਕਾਮਰੇਡ ਬੰਤ ਸਿੰਘ ਬਰਾੜ, ਸਾਬਕਾ ਵਿਧਾਇਕ ਤੇ ਸੀਪੀਆਈ ਦੇ ਕੌਮੀ ਕੌਂਸਲ ਮੈਂਬਰ ਕਾਮਰੇਡ ਹਰਦੇਵ ਅਰਸ਼ੀ ਤੇ ਕਾ. ਦੇਵੀ ਕੁਮਾਰੀ ਜਨਰਲ ਸਕੱਤਰ ਪੰਜਾਬ ਖੇਤ ਮਜ਼ਦੂਰ ਸਭਾ ਵਿਸ਼ੇਸ਼ ਤੌਰ 'ਤੇ ਬੁਲਾਰੇ ਦੇ ਰੂਪ ਵਿੱਚ ਪਹੁੰਚਣਗੇ, ਜਦਕਿ ਸਵਾਗਤੀ ਕਮੇਟੀ ਵਿਚ ਸ਼ਾਮਲ ਮਾ. ਸੋਮ ਨਾਥ ਚੇਅਰਮੈਨ, ਕਾਮਰੇਡ ਗੁਰਨਾਮ ਸਿੰਘ ਮਾਨੀ ਸਿੰਘ ਵਾਲਾ ਪ੍ਰਧਾਨ, ਮਾ. ਅਸ਼ੋਕ ਕੌਂਸਲ ਜਨਰਲ ਸਕੱਤਰ, ਕਾਮਰੇਡ ਦਰਸ਼ਨ ਜਿਉਣੇਵਾਲ ਸਕੱਤਰ ਆਦਿ ਆਗੂ ਪਹੁੰਚਣਗੇ। ਉਨ੍ਹਾਂ ਕਿਹਾ ਕਿ ਇਸ ਅਜਲਾਸ ਤੇ ਰੈਲੀ ਵਿੱਚ ਮਜ਼ਦੂਰ ਵਰਗ ਨਾਲ ਸਬੰਧਤ ਮੰਗਾਂ ਜਿਵੇਂ ਕਿ ਪਿੰਡਾਂ ਦੇ

ਸੀ ਪੀ ਆਈ ਦੇ ਕੌਮੀ ਤੇ ਸਟੇਟ ਆਗੂ ਰੈਲੀ 'ਚ ਪਹੁੰਚਣਗੇ : ਕਮਰੇਵਾਲਾ

ਕਾਮਿਆਂ ਲਈ ਮਗਨਰੇਗਾ ਪਾਰਦਰਸ਼ੀ ਢੰਗ ਨਾਲ ਲਾਗੂ ਕੀਤਾ ਜੇਵਾ, ਸਾਲ ਵਿੱਚ 200 ਦਿਨ ਕੰਮ ਤੇ 700 ਰੁਪਏ ਦਿਹਾੜੀ ਕੀਤੀ ਜਾਵੇ, ਇਨ੍ਹਾਂ ਕਾਮਿਆਂ ਲਈ ਬਦਲਵੇ ਕੰਮ ਦਾ ਪ੍ਰਬੰਧ ਕੀਤਾ ਜਾਵੇ। ਪੰਜਾਬ ਸਰਕਾਰ ਵੱਲੋਂ ਕੰਮ ਦਿਹਾੜੀ ਸਮਾਂ 8 ਘੰਟੇ ਤੋਂ ਵਧਾ ਕੇ 12 ਘੰਟੇ ਕਰਨ ਬਾਰੇ ਜਾਰੀ ਨੋਟੀਫਿਕੇਸ਼ਨ ਵਾਪਸ ਲਿਆ ਜਾਵੇ। ਨਿੱਜੀ ਖੇਤਰ ਵਿਚ ਰਾਖਵੇਕਰਨ ਦਾ ਹੱਕ ਦਿੱਤਾ ਜਾਵੇ। ਨੌਕਰੀਆਂ ਵਿੱਚ ਬੈਕਲਾਗ ਪੂਰਾ ਕੀਤਾ ਜਾਵੇ। ਬੇਘਰੇ ਲੋਕਾਂ ਲਈ 10-10 ਮਰਲੇ ਦੇ ਪਲਾਂਟ ਤੇ ਮਕਾਨ ਬਣਾਉਣ ਲਈ 5-5 ਲੱਖ ਰੁਪਏ ਦੀ ਗ੍ਰਾਂਟ ਦਿੱਤੀ ਜਾਵੇ। ਵਿਧਵਾ, ਬਜ਼ੁਰਗਾਂ ਤੇ ਅੰਗਹੀਣਾਂ ਨੂੰ ਘੱਟੋਂ ਘੱਟ 5 ਹਜ਼ਾਰ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਿੱਤੀ ਜਾਵੇ। ਅਨੁਸੂਚਿਤ ਜਾਤੀਆਂ ਉੱਪਰ ਹੁੰਦੇ ਸਮਾਜਿਕ ਅੱਤਿਆਚਾਰ ਨੂੰ ਸਖਤੀ ਨਾਲ ਰੋਕਿਆ ਜਾਵੇ। ਮਿਆਰੀ ਤੇ ਮੁਫਤ ਸਿਹਤ ਸਹੂਲਤਾਂ ਨੂੰ ਯਕੀਨੀ ਬਣਾਇਆ ਜਾਵੇ। ਅਨੁਸੂਚਿਤ ਜਾਤੀ-ਛੋਟੀ ਯੋਜਨਾ ਨੂੰ ਸਹੀ ਢੰਗ ਨਾਲ ਲਾਗੂ ਕੀਤਾ ਜਾਵੇ। ਸ਼ਾਮਲਾਟ ਜ਼ਮੀਨਾਂ ਦਾ ਠੇਕਾ ਘੱਟ ਰੇਟ 'ਤੇ ਅਤੇ ਡੰਮੀ ਬੋਲੀਆਂ ਤੁਰੰਤ ਰੋਕੀਆਂ ਜਾਣ। ਅਨੁਸੂਚਿਤ ਜਾਤੀ ਦੇ ਬੱਚਿਆਂ ਲਈ ਪਹਿਲੀ ਜਮਾਤ ਤੋਂ ਗ੍ਰੈਜੂਏਟ ਤੱਕ ਲਾਜ਼ਮੀ, ਮੁਫਤ ਤੇ ਮਿਆਰੀ ਵਿੱਦਿਆ ਦੀ ਗਰੰਟੀ ਦਿੱਤੀ ਜਾਵੇ। ਅੰਨ ਸੁਰੱਖਿਆ ਅਧੀਨ ਨਾਜਾਇਜ਼ ਤੌਰ 'ਤੇ ਕੱਟੇ ਰਾਸ਼ਨ ਕਾਰਡ ਫਿਰ ਤੋਂ ਬਹਾਲ ਕੀਤੇ ਜਾਣ। ਅੰਤ ਵਿਚ ਬਲਾਕ ਜਲਾਲਾਬਾਦ ਦੇ ਆਗੂਆਂ ਨੇ ਕਿਹਾ ਕਿ ਇਸ ਦੋ ਦਿਨ ਦੇ ਅਜਲਾਸ ਤੇ ਰੈਲੀ ਵਿੱਚ ਜਲਾਲਾਬਾਦ ਦੇ ਵੱਖ ਵੱਖ ਪਿੰਡਾਂ ਤੋਂ ਵੱਡੀ ਗਿਣਤੀ ਵਿੱਚ ਮਜ਼ਦੂਰ ਸ਼ਾਮਲ ਹੋਣਗੇ।

ਬਾਰ ਐਸੋਸੀਏਸ਼ਨ ਸਮਾਣਾ ਦੀਆਂ ਚੋਣਾਂ ਦਾ ਵੱਜਿਆ ਬਿਗਲ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਸਮਾਣਾ ਬਾਰ ਦੇ ਮੈਂਬਰ ਐਡਵੋਕੇਟ ਸੰਦੀਪ ਜਿੰਦਲ ਵੱਲੋਂ ਚਾਹ ਪਾਰਟੀ ਕਰਨ ਨਾਲ

ਸਮਾਣਾ ਬਾਰ ਐਸੋਸੀਏਸ਼ਨ ਦੀਆਂ ਚੋਣਾਂ ਦਾ ਬਿਗਲ ਵੱਜ ਗਿਆ ਹੈ। ਬਾਰ ਐਸੋਸੀਏਸ਼ਨ ਸਮਾਣਾ ਵੱਲੋਂ ਚੋਣਾਂ ਕਰਾਉਣ ਲਈ ਬਣਾਈ ਗਈ ਚੋਣ ਕਮੇਟੀ ਦੇ ਮੈਂਬਰ ਹਰਪ੍ਰੀਤ ਸਿੰਘ ਅਤਾਲਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਾਰ ਐਸੋਸੀਏਸ਼ਨ ਸਮਾਣਾ ਦੀਆਂ ਚੋਣਾਂ 15 ਦਸੰਬਰ ਨੂੰ ਹੋਣੀਆਂ ਹਨ, ਪਰ ਅੱਜ ਤੱਕ ਕਿਸੇ ਵੀ ਐਡਵੋਕੇਟ ਦਾ ਬਾਰ ਐਸੋਸੀਏਸ਼ਨ ਸਮਾਣਾ ਦੇ ਕਿਸੇ ਵੀ ਅਹੁਦੇ ਲਈ ਨਾਮ ਚਰਚਾਵਾਂ ਵਿੱਚ ਨਹੀਂ ਆਇਆ। ਅੱਜ ਸੰਦੀਪ ਜਿੰਦਲ ਐਡਵੋਕੇਟ ਵੱਲੋਂ ਚਾਹ ਪਾਰਟੀ ਨਾਲ ਚੋਣ ਬਾਜ਼ਾਰ ਭਖਣਾ ਸ਼ੁਰੂ ਹੋ ਗਿਆ ਹੈ, ਜਦੋਂ ਵੀ ਕਿਸੇ ਵਕੀਲ ਦਾ ਨਾਮ ਕਿਸੇ ਵੀ ਅਹੁਦੇ ਲਈ ਚਰਚਾ ਵਿੱਚ ਆਇਆ ਤਾਂ ਉਸ ਸਬੰਧੀ ਪ੍ਰੈੱਸ ਨੂੰ ਜਾਣਕਾਰੀ ਦੇ ਦਿੱਤੀ ਜਾਵੇਗੀ। ਐਡਵੋਕੇਟ ਅਤਾਲਾਂ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਸਮਾਣਾ ਦੀ ਬਾਰ ਐਸੋਸੀਏਸ਼ਨ ਦੇ ਵਕੀਲ ਬੜੇ ਸਮਝਦਾਰ, ਸੂਝਵਾਨ ਤੇ ਸਿਆਣੇ ਹਨ, ਉਹ ਨਹੀਂ ਚਾਹੁੰਦੇ ਕਿ ਚੋਣਾਂ ਹੋਣ, ਜਿਸ ਨਾਲ ਵਕੀਲਾਂ ਵਿੱਚ ਮਨ ਮਿਟਾਵ ਹੋਵੇ। ਕੁੱਝ ਵਕੀਲ ਸਾਹਿਬਾਨ ਬਾਰ ਐਸੋਸੀਏਸ਼ਨ ਦੀ ਚੋਣ ਸਰਬਸੰਮਤੀ ਨਾਲ ਕਰਾਉਣ ਦੀ ਗੱਲ ਕਰ ਰਹੇ ਹਨ। ਉਨ੍ਹਾਂ ਦੀ ਹਰ ਸੰਭਵ ਕਸ਼ਿਸ਼ ਹੈ ਕਿ ਵੋਟਾਂ ਨਾ ਪੈਣ, ਨਵੀਂ ਬੌਡੀ ਸਰਬਸੰਮਤੀ ਨਾਲ ਚੁਣੀ ਜਾਵੇ। ਹੁਣ ਵੇਖਣਾ ਹੈ ਕਿ ਸਮਾਣਾ ਬਾਰ ਐਸੋਸੀਏਸ਼ਨ ਦੀ ਸਰਬ ਸੰਮਤੀ ਹੁੰਦੀ ਹੈ ਜਾਂ ਵੋਟਾਂ ਪੈਂਦੀਆਂ ਹਨ।

ਕਾਤਰਾਂ

ਨਕਲੀ ਮਾਲ ਤਿਆਰ ਕਰਕੇ ਕੰਪਨੀ ਦੇ ਰੇਟਾਂ 'ਤੇ ਵੇਚਣ ਖਿਲਾਫ ਇਕ ਨਾਮਜ਼ਦ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫਿਰੋਜ਼ਪੁਰ ਸ਼ਹਿਰ ਸਥਿਤ ਨਾਮਦੇਵ ਚੌਕ ਵਿਖੇ ਏਸ਼ੀਅਨ ਕੰਪਨੀ ਦਾ ਨਕਲੀ ਮਾਲ ਤਿਆਰ ਕਰਕੇ ਕੰਪਨੀ ਦੇ ਰੇਟਾਂ 'ਤੇ ਵੇਚਣ ਦੇ ਦੋਸ਼ ਵਿੱਚ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਇਕ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਵਿਜੇ ਕੁਮਾਰ ਪੁੱਤਰ ਹੀਰਾਮਨਪਾਲ ਵਾਸੀ ਡੀ 57 ਅਸ਼ੋਕ ਨਗਰ ਨਿਊ ਦਿੱਲੀ ਨੇ ਦੱਸਿਆ ਕਿ ਉਹ ਏਸ਼ੀਅਨ ਕੰਪਨੀ ਦਾ ਇਨਵੈਸਟੀਗੇਸ਼ਨ ਅਫਸਰ ਹੈ। ਬੀਤੀ 22 ਨਵੰਬਰ 2023 ਨੂੰ ਉਹ ਟੂਰ ਦੇ ਸਬੰਧ ਵਿੱਚ ਫਿਰੋਜ਼ਪਰ ਵਿਖੇ ਆਇਆ ਸੀ, ਇਥੇ ਆ ਕੇ ਪਤਾ ਲੱਗਾ ਹੈ ਕਿ ਅਮਿਤ ਧਵਨ ਵਾਸੀ ਸਾਈ ਟਰੇਡਿੰਗ ਨੇੜੇ ਬਾਵਾ ਡੇਅਰੀ ਸਿਟੀ ਫਿਰੋਜ਼ਪੁਰ ਨੇ ਏਸ਼ੀਅਨ ਕੰਪਨੀ ਦਾ ਨਕਲੀ ਮਾਲ ਤਿਆਰ ਕੀਤਾ ਹੋਇਆ ਹੈ ਤੇ ਕੰਪਨੀ ਦੇ ਰੇਟਾਂ 'ਤੇ ਕੰਪਨੀ ਦਾ ਨਾਮ ਲੈ ਕੇ ਵੇਚ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਬ ਇੰਸਪੈਕਟਰ ਪਰਮਜੀਤ ਕੌਰ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

'ਆਪ' ਦੇ ਯੂਥ ਆਗੂ ਆਉਣ ਵਾਲੀਆਂ ਚੋਣਾਂ 'ਚ ਅਹਿਮ ਰੋਲ ਅਦਾ ਕਰਨਗੇ

ਮੱਖੂ (ਰਛਪਾਲ ਸਿੰਘ ਸੰਧੂ)-ਵਿਧਾਨ ਸਭਾ ਹਲਕਾ ਜ਼ੀਰਾ ਤੋਂ ਆਮ ਆਦਮੀ ਪਾਰਟੀ ਦੇ ਯੂਥ ਆਗੂ ਸੌਰਵ ਅਹੂਜਾ ਬਲਾਕ ਪ੍ਰਧਾਨ, ਪਵਨ ਕਟਾਰੀਆ, ਅਜੈ ਕੰਧਾਰੀ, ਪ੍ਰਸ਼ਾਂਤ ਕਟਾਰੀਆ, ਦਿਨੇਸ਼ ਕਟਾਰੀਆ, ਜੱਜ ਮਨੇਸ, ਕੁਨਾਲ ਅਹੂਜਾ, ਭੀਮ ਠੁਕਰਾਲ ਆਦਿ ਨੇ ਕਿਹਾ ਕਿ ਆਉਣ ਵਾਲੀਆਂ ਪੰਚਾਇਤੀ ਚੋਣਾਂ, ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਵਿੱਚ ਯੂਥ ਆਗੂ ਅਹਿਮ ਰੋਲ ਅਦਾ ਕਰਨਗੇ, ਜਿਸ ਦੇ ਸਬੰਧ ਵਿੱਚ ਲਗਾਤਾਰ ਚੋਣ ਸਰਗਰਮੀਆਂ ਤੇਜ਼ ਕੀਤੀਆਂ ਹੋਈਆਂ ਹਨ ਅਤੇ ਲੋਕਾਂ ਨਾਲ ਲਗਾਤਾਰ ਤਾਲਮੇਲ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਦ ਤੋਂ ਮੁੱਖ ਮੰਤਰੀ ਭਗਵੰਤ ਮਾਨ ਨੇ ਸੱਤਾ ਸੰਭਾਲੀ ਹੈ, ਸੂਬੇ ਵਿੱਚ ਵਿਕਾਸ ਦੀ ਰ

page-6-24-(NOVE)-2023-G-(BV).qxd 11/23/2023 11:15 PM Page 1

2 ਤੇ 3 ਦਸੰਬਰ ਨੂੰ ਬੀ ਐੱਲ ਓਜ਼ ਆਪਣੇ-ਆਪਣੇ ਪੋਲਿੰਗ ਸਟੇਸ਼ਨਾਂ ਤੇ ਬਣਾਉਣਗੇ ਵੋਟਰ ਕਾਰਡ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ) ਭਾਰਤ ਚੋਣ ਕਮਿਸ਼ਨ ਅਤੇ ਮੁੱਖ ਚੋਣ ਅਫ਼ਸਰ, ਪੰਜਾਬ ਵੱਲੋਂ ਪ੍ਰਾਪਤ ਹੋਏ ਸ਼ਡਿਊਲ ਅਨੁਸਾਰ ਯੋਗਤਾ ਮਿਤੀ 1 ਜਨਵਰੀ 2024 ਦੇ ਅਧਾਰ 'ਤੇ ਜ਼ਿਲੇ ਦੇ ਸਮੂਹ ਵਿਧਾਨ ਸਭਾ ਚੋਣ ਹਲਕਿਆਂ ਵਿੱਚ ਵੋਟਰ ਸੂਚੀਆਂ ਦੀ ਸਪੈਸ਼ਲ ਸੁਧਾਈ ਦਾ ਕੰਮ 9 ਦਸੰਬਰ ਤੱਕ ਚੱਲੇਗਾ। ਜ਼ਿਲਾ ਚੋਣ ਅਧਿਕਾਰੀ-ਕਮ-ਡਿਪਟੀ ਕਮਿਸ਼ਨਰ ਅੰਮ੍ਰਿਤਸਰ ਘਨਸ਼ਾਮ ਥੋਰੀ ਵੱਲੋਂ ਮੁੱਖ ਚੋਣ ਕਮਿਸ਼ਨ ਪੰਜਾਬ ਨਾਲ ਵੀਡਿਓ ਕਾਨਫਰੰਸਿੰਗ ਕਰਦੇ ਹੋਏ ਉਨਾਂ ਦੱਸਿਆ ਕਿ ਵੋਟਰ ਸੂਚੀਆਂ ਦੀ ਸਪੈਸ਼ਲ ਸੁਧਾਈ ਤਹਿਤ ਨਵੀਆਂ ਵੋਟਾਂ ਬਣਾਉਣ ਲਈ ਦਾਅਵੇ/ਇਤਰਾਜ਼ ਫਾਰਮ ਨੰਬਰ-6, ਵੋਟ ਕਟਵਾਉਣ ਲਈ ਫਾਰਮ ਨੰਬਰ-7, ਵੇਰਵਿਆਂ ਦੀ ਸੋਧ ਕਰਵਾਉਣ/ਰਿਹਾਇਸ਼ ਦੀ ਤਬਦੀਲੀ ਲਈ ਫਾਰਮ ਨੰਬਰ-8, ਬੂਥ ਲੈਵਲ ਅਫ਼ਸਰਾਂ, ਚੋਣਕਾਰ ਰਜਿਸਟਰੇਸ਼ਨ ਅਫ਼ਸਰਾਂ, ਸਹਾਇਕ ਚੋਣਕਾਰ ਰਜਿਸਟਰੇਸ਼ਨ ਅਫ਼ਸਰਾਂ ਵੱਲੋਂ ਪ੍ਰਾਪਤ ਕੀਤੇ ਜਾ ਰਹੇ ਹਨ। ਥੋਰੀ ਨੇ ਦੱਸਿਆ ਕਿ ਜਿਨ੍ਹਾਂ ਵੋਟਰਾਂ ਦੇ ਵੋਟਰ ਕਾਰਡ ਬਣ ਚੁੱਕੇ ਹਨ ਸਬੰਧਤ ਬੀ.ਐਲ.ਓਜ਼ ਘਰ ਘਰ ਪਹੁੰਚਾਉਣਗੇ। ਜ਼ਿਲਾ ਚੋਣ ਅਧਿਕਾਰੀ ਨੇ ਦੱਸਿਆ ਕਿ 2 ਦਸੰਬਰ ਅਤੇ 3 ਦਸੰਬਰ ਸਵੇਰੇ 10:00 ਵਜੇ ਤੋਂ ਸ਼ਾਮ 5:00 ਵਜੇ ਤੱਕ ਜ਼ਿਲ੍ਹੇ ਦੇ ਸਮੂਹ ਪੋਲਿੰਗ ਸਟੇਸ਼ਨਾਂ ਉੱਪਰ ਬੀ.ਐੱਲ.ਓਜ਼. ਆਪਣੇ ਅਧਿਕਾਰ ਖੇਤਰ ਵਿੱਚ ਲੋਕਾਂ ਦੀਆਂ ਵੋਟਾਂ ਬਣਾਉਣਗੇ। ਉਨਾਂ ਦੱਸਿਆ ਕਿ ਸਮੂਹ ਬੀ.ਐੱਲ.ਓਜ਼ ਵੱਲੋਂ ਬਿਨੈਕਾਰਾਂ ਪਾਸੋਂ ਫਾਰਮ ਪ੍ਰਾਪਤ ਕੀਤੇ ਜਾਣਗੇ ਤਾਂ ਜੋ ਕੋਈ ਵੀ ਵੋਟਰ ਆਪਣੀ ਵੋਟ ਬਣਾਉਣ ਦੇ ਹੱਕ ਤੋਂ ਵਾਂਝਾ ਨਾ ਰਹੇ। ਉਨਾਂ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੀ ਵੋਟ ਜਰੂਰ ਬਣਵਾਉਣ। ਵੀਡਿਓ ਕਾਨਫਰੰਸਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ, ਐਸ.ਡੀ.ਐਮ. ਅੰਮ੍ਰਿਤਸਰ-1 ਮਨਕੰਵਲ ਚਾਹਲ, ਐਸ.ਡੀ.ਐਮ. ਅੰਮ੍ਰਿਤਸਰ-2 ਨਿਕਾਸ ਕੁਮਾਰ, ਐਸ.ਡੀ.ਐਮ. ਮਜੀਠਾ ਹਰਨੂਰ ਕੌਰ ਢਿੱਲੋਂ, ਐਸ.ਡੀ.ਐਮ. ਬਾਬਾ ਬਕਾਲਾ ਅਮਨਦੀਪ ਸਿੰਘ, ਐਸ. ਡੀ. ਐਮ. ਅਜਨਾਲਾ ਅਰਵਿੰਦਰਪਾਲ ਸਿੰਘ, ਸਕੱਤਰ ਰੀਜਨਲ ਟਰਾਂਸਪੋਰਟ ਅਥਾਰਟੀ ਅਰਸ਼ਦੀਪ ਸਿੰਘ, ਹਰਦੀਪ ਸਿੰਘ ਜਾਇੰਟ ਕਮਿਸ਼ਨਰ ਨਗਰ ਨਿਗਮ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।

ਗੁੱਡਈਅਰ ਇੰਡੀਆ ਨੇ ਹਵਾ ਪ੍ਰਦੂਸ਼ਣ ਘੱਟ ਕਰਨ ਲਈ ਸੀ ਆਈ ਆਈ ਨਾਲ ਭਾਗੀਦਾਰੀ ਵਧਾਈ

ਬਰਨਾਲਾ : ਗੁੱਡਈਅਰ ਇੰਡੀਆ (ਗੁੱਡਈਅਰ) ਨੇ ਭਾਰਤੀ ਉਦਯੋਗ ਪਰਿਸੰਘ (ਸੀ ਆਈ ਆਈ) ਨਾਲ ਆਪਣੀ ਸਾਂਝੇਦਾਰੀ ਦਾ ਵਿਸਤਾਰ ਕੀਤਾ ਹੈ ਜਿਸ ਤਹਿਤ ਉਹ ਪਰਾਲੀ ਸਾੜਨ ਤੋਂ ਰੋਕਣ ਲਈ ਪੰਜਾਬ ਦੇ ਬਰਨਾਲਾ ਵਿੱਚ ਕਿਸਾਨਾਂ ਦੀ ਸਹਾਇਤਾ ਕਰ ਰਹੇ ਹਨ ਅਤੇ ਖੇਤੀਬਾੜੀ ਉਪਕਰਨਾਂ ਦੀ ਪਹੁੰਚ ਵਧਾ ਕੇ ਅਤੇ ਕਿਸਾਨਾਂ ਨੂੰ ਜਲਵਾਯੂ-ਅਨੁਕੂਲ ਖੇਤੀ ਪ੍ਰੀਕ੍ਰਿਆਵਾਂ ਨੂੰ ਅਪਣਾਉਣ ਵਿੱਚ ਮਦਦ ਕਰ ਰਹੇ ਹਨ ਜਿਸ ਨਾਲ ਭਾਈਚਾਰਿਆਂ 'ਤੇ ਵਾਤਾਵਰਣ ਦਾ ਪ੍ਰਭਾਵ ਘੱਟ ਹੋ ਸਕੇ। ਸੀ ਆਈ ਆਈ ਫਾਊਂਡੇਸ਼ਨ ਦੀ ਫਸਲ ਰਹਿੰਦ-ਖੂੰਹਦ ਪ੍ਰਬੰਧਨ (ਸੀ ਆਰ ਐੱਮ) ਪਹਿਲਕਦਮੀ ਦੇ ਤਹਿਤ ਗੁੱਡਈਅਰ ਨੇ ਪੰਜਾਬ ਦੇ ਬਰਨਾਲਾ ਵਿੱਚ ਕਿਸਾਨਾਂ ਦਾ ਸਮਰਥਨ ਕਰਨ ਲਈ 2022 ਵਿੱਚ ਸੀ ਆਈ ਆਈ ਨਾਲ ਆਪਣੀ ਸਾਂਝੇਦਾਰੀ ਸ਼ੁਰੂ ਕੀਤੀ ਹੈ। ਇਸ ਵਿਸ਼ੇਸ਼ ਮੌਕੇ 'ਤੇ ਪ੍ਰਤੀਕ੍ਰਿਆ ਦਿੰਦੇ ਹੋਏ ਸੰਦੀਪ ਮਹਾਜਨ, ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ, ਗੁੱਡਈਅਰ ਇੰਡੀਆ ਲਿਮਟਿਡ ਨੇ ਕਿਹਾ ਕਿ ਸੀ ਆਰ ਐੱਮ ਦੇ ਪਹਿਲੇ ਪੜਾਅ ਲਈ ਸਾਨੂੰ ਕਮਿਊਨਿਟੀ ਅਤੇ ਸਰਕਾਰੀ ਹਿੱਸੇਦਾਰਾਂ ਤੋਂ ਜੋ ਸ਼ਾਨਦਾਰ ਹੁੰਗਾਰਾ ਮਿਲਿਆ ਹੈ, ਉਸ ਨੇ ਸਾਨੂੰ ਆਪਣੇ ਯਤਨਾਂ ਦਾ ਵਿਸਤਾਰ ਕਰਨ ਲਈ ਪ੍ਰੇਰਿਤ ਕੀਤਾ ਹੈ।

ਸਾਬਕਾ ਕੌਂਸਲਰ ਸਵ ਪਵਿੱਤਰ ਸਿੰਘ ਨਮਿੱਤ ਅੰਤਿਮ ਅਰਦਾਸ ਅੱਜ

ਫਗਵਾੜਾ (ਡਾ. ਰਮਨ) ਸਾਬਕਾ ਕੌਂਸਲਰ ਸਵ. ਪਵਿੱਤਰ ਸਿੰਘ ਨਮਿੱਤ ਅੰਤਿਮ ਅਰਦਾਸ 24 ਨਵੰਬਰ ਦਿਨ ਸ਼ੁੱਕਰਵਾਰ ਨੂੰ ਗੁਰਦੁਆਰਾ ਗਿਆਨਸਰ ਸਾਹਿਬ ਸਤਨਾਮਪੁਰਾ ਫਗਵਾੜਾ ਸਾਹਮਣੇ ਰਾਮਗੜ੍ਹੀਆ ਪੋਲੀਟੈਕਨਿਕ ਕਾਲਜ ਵਿਖੇ 1 ਤੋਂ 2 ਵਜੇ ਤੱਕ ਹੋਵੇਗੀ। ਇਸ ਤੋਂ ਪਹਿਲਾਂ ਉਹਨਾਂ ਨਮਿੱਤ ਉਹਨਾਂ ਦੇ ਗ੍ਰਹਿ ਨਿਵਾਸ ਵਿਖੇ ਉਹਨਾਂ ਦੀ ਆਤਮਾ ਦੀ ਸ਼ਾਂਤੀ ਲਈ ਅਰੰਭ ਕੀਤੇ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦਾ ਭੋਗ ਪਾਇਆ ਜਾਵੇਗਾ। ਸਾਬਕਾ ਕੌਂਸਲਰ ਪਵਿੱਤਰ ਸਿੰਘ ਬੀਤੇ ਕਾਫੀ ਦਿਨਾਂ ਤੋਂ ਬੀਮਾਰ ਚੱਲ ਰਹੇ ਸੀ ਜਿਨ੍ਹਾਂ ਦਾ ਇਲਾਜ ਦੌਰਾਨ ਬੀਤੇ ਦਿਨੀਂ ਦੇਹਾਂਤ ਹੋ ਗਿਆ ਸੀ। ਸੀਨੀਅਰ ਕਾਂਗਰਸੀ ਆਗੂ ਪਵਿੱਤਰ ਸਿੰਘ ਨੇ ਲੰਬਾ ਸਮਾਂ ਜਲੰਧਰ ਤੋਂ ਛਪਦੀ ਇੱਕ ਨਾਮਵਰ ਪੰਜਾਬੀ ਅਖਬਾਰ ਲਈ ਕੰਮ ਕੀਤਾ ਉੱਥੇ ਹੀ ਉਨ੍ਹਾਂ ਨੇ ਮੁਹੱਲਾ ਭਗਤਪੁਰਾ ਦੇ ਕੌਂਸਲਰ ਵਜੋਂ ਵੀ ਸੇਵਾਵਾਂ ਨਿਭਾਈਆਂ।

ਅੱਜ ਬਿਜਲੀ ਬੰਦ ਰਹੇਗੀ

ਕਲਾਨੌਰ (ਮਨਦੀਪ ਕੁਮਾਰ ਕੋਹਲੀ) - ਪਾਵਰ ਕਾਮ ਸਬ ਡਵੀਜ਼ਨ ਕਲਾਨੌਰ ਦੇ ਐਸ ਡੀ ਓ ਖਜਾਨ ਸਿੰਘ ਖਹਿਰਾ ਨੇ ਦੱਸਿਆ ਕਿ ਸ਼ੁੱਕਰਵਾਰ ਵਾਲੇ ਦਿਨ ਸਵੇਰੇ 10 ਵਜੇ ਤੋਂ ਲੈ ਕੇ ਸ਼ਾਮ 6 ਵਜੇ ਤੱਕ ਜ਼ਰੂਰੀ ਮੁਰੰਮਤ ਕਾਰਨ 66 ਕੇ ਵੀ ਕਲਾਨੌਰ ਅਧੀਨ ਆਉਂਦੇ ਸਾਰੇ ਫੀਡਰਾਂ 'ਤੇ ਬਿਜਲੀ ਬੰਦ ਰਹੇਗੀ। ਖਹਿਰਾ ਨੇ ਸਭ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪਾਵਰ ਕਾਮ ਦੇ ਕਰਮਚਾਰੀਆਂ ਦਾ ਸਾਥ ਦੇਣ ਤਾਂ ਜੋ ਬਿਜਲੀ ਸਪਲਾਈ ਨਿਰਵਿਘਨ ਜਾਰੀ ਕੀਤੀ ਜਾ ਸਕੇ।

COURT NOTICE

(Under Guardian and Ward Act)
In the Court of
Sh. Parinder Singh
Civil Judge (Senior Division),
Amritsar.
CNR No. PBAs02-005105-2023
Next Date : 15.12.2023
Baljinder Kaur
Versus
General Public
Notice to : General Public
To Whom in may concern

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 15.12.2023 at 10.00 a.m.

For details logon to https://highcourtchd.gov.in/?trs=district notice & district=Amritsar

Civil Judge (Senior Division), Amritsar
Dated, this day of 21.11.2023

COURT NOTICE

(Succession Case)
In the Court of
Rajwant Kaur
Civil Judge (Senior Division),
Kapurthala.
CNR No. PBKP02-000801-2023
Next Date : 2.1.2024
Sarabjit Singh aged 63 years S/o Late Sh. Harmohinder Singh R/o Vill. Singhpur, P.O. Sudana, Distt. Jalandhar.
Versus
General Public and others
Notice to : Defendant No. 1, 1 General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 2.1.2024 at 10.00 a.m.

For details logon to https://highcourtchd.gov.in/?trs=district notice & district=Kapurthala

Civil Judge (Senior Division), Kapurthala
Dated, this day of 20.11.2023

ਅਦਾਲਤੀ ਇਸ਼ਤਿਹਾਰ

ਬਾ ਅਦਾਲਤ-ਸ੍ਰੀ ਪੀ ਛਿੱਬਰ ਤਹਿਸੀਲਦਾਰ ਨਵਾਂਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ।

ਇੰਤਕਾਲ ਨੰਬਰ 13275, ਵਾਕਿਆ ਰਕਬਾ : ਨਵਾਂਸ਼ਹਿਰ 2

ਪਬਲੀਕੇਸ਼ਨ ਨੋਟਿਸ

ਪਟਵਾਰੀ ਹਲਕਾ ਨਵਾਂਸ਼ਹਿਰ ਵੱਲੋਂ ਰਕਬਾ ਵਾਕਿਆ ਨਵਾਂਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦਾ ਇੰਤਕਾਲ ਨੰਬਰ 13275 ਬਾਬਤ ਵਰਾਸਤ ਮੁਤਵਫੀ ਮਦਨ ਲਾਲ ਪੁੱਤਰ ਚਾਨਣ ਮੱਲ ਬਾਹੱਕ ਤਰਸੇਮ ਲਾਲ-ਸੀਤਲ ਕੁਮਾਰ ਪੁੱਤਰਾਨ ਮਦਨ ਲਾਲ ਪੁੱਤਰ ਚਾਨਣ ਮੱਲ ਹਿੱਸਾ ਬਰਾਬਰ ਦੇ ਹੱਕ ਵਿੱਚ ਵਸੀਅਤ ਬਿਲਾ ਰਜਿਸਟਰੀਸ਼ੁਦਾ ਮਿਤੀ 10.4.1975 ਦਰਜ ਕੀਤਾ ਗਿਆ। ਜਿਸ ਵਿੱਚ ਜਨਕ ਦੁਲਾਰੀ-ਸੰਤੋਸ਼ ਕੁਮਾਰੀ ਜੈਨ-ਵੀਨਾ ਜੈਨ ਨੂੰ ਕੋਈ ਹੱਕ ਨਹੀਂ ਦਿੱਤਾ ਗਿਆ ਹੈ। ਅਗਰ ਇਸ ਇੰਤਕਾਲ ਨੂੰ ਮਨਜ਼ੂਰ ਕਰਨ ਵਿੱਚ ਕਿਸੇ ਵੀ ਵਾਰਸ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਨੋਟਿਸ ਪ੍ਰਕਾਸ਼ਤ ਹੋਣ ਦੇ 15 ਦਿਨਾਂ ਦੇ ਅੰਦਰ-ਅੰਦਰ ਨਿਮਨਹਸਤਾਖਰ ਦੇ ਦਫਤਰ ਵਿੱਚ ਅਸਾਲਤਨ ਜਾਂ ਵਕਾਲਤਨ ਕਿਸੇ ਕੰਮ ਵਾਲੇ ਦਿਨ ਹਾਜ਼ਰ ਆ ਕੇ ਪੇਸ਼ ਕਰ ਸਕਦਾ ਹੈ। ਜੇਕਰ ਮਿੱਥੀ ਗਈ ਮਿਆਦ ਤੱਕ ਇਸ ਇੰਤਕਾਲ ਨੂੰ ਮਨਜ਼ੂਰ ਕਰਨ ਬਾਰੇ ਕੋਈ ਇਤਰਾਜ਼ ਪੇਸ਼ ਨਹੀਂ ਹੁੰਦਾ ਤਾਂ ਉਕਤ ਇੰਤਕਾਲ ਮਨਜ਼ੂਰ ਕਰ ਦਿੱਤਾ ਜਾਵੇਗਾ। ਬਾਅਦ ਗੁਜ਼ਰਨੇ ਮਿਆਦ ਉਜ਼ਰਦਾਰੀ ਕੋਈ ਇਤਰਾਜ਼ ਨਹੀਂ ਸੁਣਿਆ ਜਾਵੇਗਾ।

ਅੱਜ ਮਿਤੀ 20.11.2023 ਨੂੰ ਮੇਰੇ ਹਸਤਾਖਰਾਂ ਅਤੇ ਮੋਹਰ ਨਾਲ ਇਹ ਪਬਲੀਕੇਸ਼ਨ ਨੋਟਿਸ ਜਾਰੀ ਕੀਤਾ ਗਿਆ।

ਤਹਿਸੀਲਦਾਰ ਨਵਾਂਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ।

ਐੱਚ ਐੱਮ ਡੀ ਗਲੋਬਲ ਫਿਰ ਤੋਂ ਅੱਵਲ ਸਥਾਨ 'ਤੇ

ਲੁਧਿਆਣਾ : ਨੋਕੀਆ ਫੋਨ ਬਣਾਉਣ ਵਾਲੀ ਕੰਪਨੀ, ਐੱਚਐੱਮਡੀ ਵਿਸਵ, ਫੀਚਰ ਫੋਨ ਮਾਰਕੀਟ ਇੱਕ ਫਿਰ ਤੋਂ ਨਿਰਵਿਵਾਦ ਦੇ ਰੂਪ ਵਿੱਚ ਉਭਰਦਾ ਹੈ, ਜਿਸਨੇ ਮੁੱਲ ਦੀ ਮਾਤਰਾ ਦੀ ਮਾਰਕੀਟਿੰਗ ਵਿੱਚ ਸਥਾਨ ਪ੍ਰਾਪਤ ਕੀਤਾ ਹੈ ਅਤੇ (ਵੋਲਯੂਮ) ਦੇ ਸਿਰਲੇਖ ਖਾਤੇ ਤੋਂ ਦੂਜਾ ਸਥਾਨ ਪ੍ਰਾਪਤ ਕੀਤਾ ਹੈ। ਇਹ ਗੱਲ '23 ਦੀ ਤੀਸਰੀ ਦੀ ਰਿਪੋਰਟ 'ਚ ਕਹੀ ਗਈ। ਆਈਡੀਸੀ ਦੀ ਰਿਪੋਰਟ ਦੇ ਅਨੁਸਾਰ ਐੱਚਐੱਮਡੀ ਵਿਸਵਵਿਆਪੀ ਨੇ ਮੁੱਲ ਦੇ ਹਿਸਾਬ ਨਾਲ 30.7% ਮਾਰਕੀਟ ਮਜ਼ਬੂਤੀ ਹਾਸਲ ਕੀਤੀ ਹੈ, ਜੋ ਕਿ ਵਿੱਤੀ ਸਾਲ 2023 ਦੀ ਦੂਜੇ ਪਾਸੇ ਦੀ ਤੁਲਨਾ ਵਿੱਚ 4.2% ਦੀ ਮਹੱਤਵਪੂਰਨ ਵਾਧਾ ਹੈ। ਮਾਤਰਾ ਦੇ ਲਿਹਾਜ਼ ਨਾਲ ਬ੍ਰਾਂਡ ਦੇ ਪਾਸ 22.4% ਸਰਾਹੁਣਯੋਗ ਬਾਜ਼ਾਰਦਾਰੀ ਹੈ, ਜੋ ਕਿ ਪਿਛਲੇ ਵਿਕਾਸ ਦੀ ਤੁਲਨਾ ਵਿੱਚ 2.3% ਜ਼ਿਆਦਾ ਹੈ। ਪਹਿਲਾਂ ਅਤੇ ਹੁਣ ਫੀਚਰ ਫੋਨ ਬਾਜ਼ਾਰ ਵਿੱਚ ਐੱਚ. ਐੱਮ. ਡੀ. ਦੇ ਮਾਡਲ ਦੇ ਪ੍ਰਦਰਸ਼ਨ ਵਿੱਚ ਯੋਗਦਾਨ ਪਾਇਆ ਜਾਂਦਾ ਹੈ।

COURT NOTICE

In the Court of
Ms. Aman Sharma
Civil Judge (Senior Division),
Pathankot.
CNR No. PbPO02-000719-2022
Next Date : 23.1.2024
Union of India
Versus
Vicky

Publication issued to : Vicky S/o Surinder Kumar H.No. 94 Upper Lamini Near Primary School, Upper Lamini Pathankot.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 23.1.2024 at 10.00 a.m.

For details logon to https://highcourtchd.gov.in/?trs=district notice & district=Pathankot

Civil Judge (Senior Division), Pathankot.
Dated, this day of 22.11.2023

COURT NOTICE

In the Court of
Ms. Ankita Metal
Civil Judge Junior Division-2,
Nabha.
CNR No. PbPTB0-000066-2023
Next Date : 18.12.2023
M/S Ravi Jewellers
Versus
Sadhu Ram Bau Nath

Publication issued to : Sadhu Ram Bau Nath Shop No. 11, New Grain Market Nabha through Prop Pardeep Kumar.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 18.12.2023 at 10.00 a.m.

For details logon to https://highcourtchd.gov.in/?trs=district notice & district=Patiala

Civil Judge Junior Division-2, Nabha.
Dated, this day of 23.11.2023

ਦਫਤਰ ਨਗਰ ਸੁਧਾਰ ਟਰੱਸਟ ਬਰਨਾਲਾ

ਪਬਲਿਕ ਨੋਟਿਸ

ਹਰ ਆਮ ਵਾ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਤਾਮੀਰਸ਼ੁਦਾ ਸ਼ਾਪ ਵਿਦ ਬੇਸਮੈਂਟ ਨੰ: 26, ਵਾਕਿਆ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਨਗਰ ਸਕੀਮ (22 ਏਕੜ) 1/2 ਹਿੱਸੇ ਦੇ ਦੇ ਅਲਾਟੀ ਸ੍ਰੀ ਅਜੇਗਾ ਸਿੰਘ ਪੁੱਤਰ ਸ੍ਰੀ ਤੇਜਾ ਸਿੰਘ ਦੀ ਮੌਤ ਮਿਤੀ 14.3.2022 ਨੂੰ ਹੋਈ ਬਾਰੇ ਦੱਸ ਕੇ ਉਹਨਾ ਦੇ ਵਾਰਸ ਸਵਿੰਦਰਜੀਤ ਕੌਰ ਪੁੱਤਰੀ ਅਜੇਗਾ ਸਿੰਘ ਹਾਲ ਪਤਨੀ ਅਮਰਜੀਤ ਸਿੰਘ ਸੰਧੂ ਅਤੇ ਰਵਿੰਦਰਜੀਤ ਕੌਰ ਪੁੱਤਰੀ ਅਜੇਗਾ ਸਿੰਘ ਹਾਲ ਪਤਨੀ ਪਰਮਜੀਤ ਸਿੰਘ ਸੰਧੂ ਵਾਸੀਆਨ ਸੰਘੇੜਾ ਰੋਡ ਬਰਨਾਲਾ ਦੇ ਨਾਂਅ ਦਰਜ ਕਰਨ ਦੀ ਬੇਨਤੀ ਕੀਤੀ ਹੈ। ਬਿਨੈਕਾਰਾਂ ਨੇ ਦਰਖਾਸਤ ਨਾਲ ਮੌਤ ਦਾ ਅਸਲ ਸਰਟੀਫਿਕੇਟ-ਕੁਰਸੀਨਾਮਾ ਅਤੇ ਤਹਿਸੀਲਦਾਰ ਬਰਨਾਲਾ ਵੱਲੋਂ ਜਾਰੀ ਪੱਤਰ ਨੰ: 699/ਵ.ਕ. ਮਿਤੀ 6.11.2023 ਕੁਦਰਤੀ ਵਾਰਸਾਂ ਦਾ ਸਰਟੀਫਿਕੇਟ ਅਤੇ ਬਿਆਨ ਹਲਫੀਆ ਦਸਤਾਵੇਜ਼ ਲਗਾ ਕੇ ਟਰੱਸਟ ਰਿਕਾਰਡ ਵਿੱਚ ਮਾਲਕੀ ਵਾਰਸਾਂ ਦੇ ਨਾਂਅ ਦਰਜ ਕਰਨ ਦੀ ਬੇਨਤੀ ਕੀਤੀ ਹੈ। ਤਹਿਸੀਲਦਾਰ ਵੱਲੋਂ ਜਾਰੀ ਕੁਦਰਤੀ ਵਾਰਸਾਂ ਦੇ ਸਰਟੀਫਿਕੇਟ ਅਨੁਸਾਰ ਨਿਮਨ ਅਨੁਸਾਰ ਸ੍ਰੀ ਅਜੇਗਾ ਸਿੰਘ ਦੇ ਕੁਦਰਤੀ ਵਾਰਸ ਘੋਸ਼ਿਤ ਕੀਤੇ ਹਨ :

ਲੜੀ ਨੰ:	ਵਾਰਸ ਦਾ ਨਾਂਅ	ਮ੍ਰਿਤਕ ਨਾਲ ਰਿਸ਼ਤਾ
1.	ਸਵਿੰਦਰਜੀਤ ਕੌਰ	ਪੁੱਤਰੀ
2.	ਰਵਿੰਦਰਜੀਤ ਕੌਰ	ਪੁੱਤਰੀ

ਹੁਣ ਦਫਤਰ ਵੱਲੋਂ ਪੇਸ਼ ਕੀਤੇ ਦਸਤਾਵੇਜ਼ਾਂ ਦੇ ਅਧਾਰ 'ਤੇ ਸ੍ਰੀ ਅਜੇਗਾ ਸਿੰਘ ਦੀ ਉਕਤ 1/2 ਹਿੱਸੇ ਦੀ ਮਾਲਕੀ ਵਾਲੀ ਪ੍ਰਾਪਰਟੀ ਟਰੱਸਟ ਰਿਕਾਰਡ ਵਿੱਚ ਉਹਨਾ ਦੇ ਵਾਰਸਾਂ ਸਵਿੰਦਰਜੀਤ ਕੌਰ ਪੁੱਤਰੀ ਅਜੇਗਾ ਸਿੰਘ ਹਾਲ ਪਤਨੀ ਅਮਰਜੀਤ ਸਿੰਘ ਸੰਧੂ ਅਤੇ ਰਵਿੰਦਰਜੀਤ ਕੌਰ ਪੁੱਤਰੀ ਅਜੇਗਾ ਸਿੰਘ ਹਾਲ ਪਤਨੀ ਪਰਮਜੀਤ ਸਿੰਘ ਸੰਧੂ ਵਾਸੀਆਨ ਸੰਘੇੜਾ ਰੋਡ ਬਰਨਾਲਾ ਦੇ ਨਾਂਅ ਦਰਜ ਕੀਤੀ ਜਾਣੀ ਹੈ। ਅਗਰ ਉਕਤ ਅਨੁਸਾਰ ਇੰਦਰਾਜ਼ ਮਾਲਕੀ ਉਕਤ ਵਾਰਸਾਂ ਦੇ ਨਾਂਅ ਟਰੱਸਟ ਰਿਕਾਰਡ ਵਿੱਚ ਦਰਜ ਹੋਣ ਸੰਬੰਧੀ ਅਗਰ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਸਬੂਤਾਂ ਸਹਿਤ ਲਿਖਤੀ ਇਤਰਾਜ਼ ਇਸ਼ਤਿਹਾਰ ਪ੍ਰਕਾਸ਼ਤ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਨਿਮਨਹਸਤਾਖਰ ਪਾਸ ਪੇਸ਼ ਕੀਤਾ ਜਾਵੇ। ਬਾਅਦ ਗੁਜਰਨੇ ਮਿਆਦ ਕੋਈ ਇਤਰਾਜ਼ ਨਹੀਂ ਸੁਣਿਆ ਜਾਵੇਗਾ ਅਤੇ ਇੰਦਰਾਜ਼ ਮਾਲਕੀ ਦਰਜ ਕਰਨ ਸੰਬੰਧੀ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਚੇਅਰਮੈਨ, ਨਗਰ ਸੁਧਾਰ ਟਰੱਸਟ ਬਰਨਾਲਾ

ਦਫਤਰ ਨਗਰ ਸੁਧਾਰ ਟਰੱਸਟ ਬਰਨਾਲਾ

ਪਬਲਿਕ ਨੋਟਿਸ

ਹਰ ਆਮ ਵਾ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਤਾਮੀਰਸ਼ੁਦਾ ਸ਼ਾਪ ਵਿਦ ਬੇਸਮੈਂਟ ਨੰ: 24, ਵਾਕਿਆ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਨਗਰ ਸਕੀਮ (22 ਏਕੜ) ਦੇ ਅਲਾਟੀ ਸ੍ਰੀ ਅਜੇਗਾ ਸਿੰਘ ਪੁੱਤਰ ਸ੍ਰੀ ਤੇਜਾ ਸਿੰਘ ਦੀ ਮੌਤ ਮਿਤੀ 14.3.2022 ਨੂੰ ਹੋਈ ਬਾਰੇ ਦੱਸ ਕੇ ਉਹਨਾ ਵਾਰਸ ਸਵਿੰਦਰਜੀਤ ਕੌਰ ਪੁੱਤਰੀ ਅਜੇਗਾ ਸਿੰਘ ਹਾਲ ਪਤਨੀ ਅਮਰਜੀਤ ਸਿੰਘ ਸੰਧੂ ਅਤੇ ਰਵਿੰਦਰਜੀਤ ਕੌਰ ਪੁੱਤਰੀ ਅਜੇਗਾ ਸਿੰਘ ਹਾਲ ਪਤਨੀ ਪਰਮਜੀਤ ਸਿੰਘ ਸੰਧੂ ਵਾਸੀਆਨ ਸੰਘੇੜਾ ਰੋਡ ਬਰਨਾਲਾ ਦੇ ਨਾਂਅ ਦਰਜ ਕਰਨ ਦੀ ਬੇਨਤੀ ਕੀਤੀ ਹੈ। ਬਿਨੈਕਾਰਾਂ ਨੇ ਦਰਖਾਸਤ ਨਾਲ ਮੌਤ ਦਾ ਅਸਲ ਸਰਟੀਫਿਕੇਟ-ਕੁਰਸੀਨਾਮਾ ਅਤੇ ਤਹਿਸੀਲਦਾਰ ਬਰਨਾਲਾ ਵੱਲੋਂ ਜਾਰੀ ਪੱਤਰ ਨ

24-NOV-PAGE-7.qxd 11/23/2023 11:34 PM Page 1

ਬੀ ਕੇ ਯੂ (ਏਕਤਾ) ਡਕੌਂਦਾ ਵੱਲੋਂ 26 ਨੂੰ ਚੰਡੀਗੜ੍ਹ ਕੂਚ ਦੀਆਂ ਤਿਆਰੀਆਂ ਜ਼ੋਰਾਂ 'ਤੇ : ਮਨਜੀਤ ਧਨੇਰ

ਬਰਨਾਲਾ (ਰਾਜਿੰਦਰ ਬਰਾੜ, ਰਕੇਸ਼ ਨੀਟਾ)-ਭਾਰਤੀ ਕਿਸਾਨ ਯੂਨੀਅਨ (ਏਕਤਾ) ਡਕੌਂਦਾ ਜ਼ਿਲ੍ਹਾ ਬਰਨਾਲਾ ਵੱਲੋਂ 26 ਨਵੰਬਰ ਤੋਂ 28 ਨਵੰਬਰ ਤੱਕ ਚੰਡੀਗੜ੍ਹ ਵਿਖੇ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਵਿੱਚ ਲੱਗਣ ਵਾਲੇ ਧਰਨੇ ਦੀਆਂ ਤਿਆਰੀਆਂ ਹਰ ਪਿੰਡ ਵਿੱਚ ਪੂਰੇ ਜ਼ੋਰਾਂ 'ਤੇ ਸ਼ੁਰੂ ਹੋ ਗਈਆਂ ਹਨ। ਸੂਬਾ ਕਾਰਜਕਾਰੀ ਪ੍ਰਧਾਨ ਮਨਜੀਤ ਸਿੰਘ ਧਨੇਰ ਤੇ ਸੂਬਾ ਖਜ਼ਾਨਚੀ ਬਲਵੰਤ ਸਿੰਘ ਉੱਪਲੀ ਦੀ ਅਗਵਾਈ ਵਿੱਚ ਕੀਤੀਆਂ ਜਾ ਰਹੀਆਂ ਤਿਆਰੀਆਂ ਬਾਰੇ ਜਾਣਕਾਰੀ ਦਿੰਦਿਆਂ ਕੁਲਵੰਤ ਸਿੰਘ ਭਦੌੜ ਤੇ ਗੁਰਦੇਵ ਸਿੰਘ ਮਾਂਗੇਵਾਲ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਭਾਰਤ ਵੱਲੋਂ ਦਿੱਲੀ ਕੂਚ ਦੀ ਤੀਜੀ ਵਰ੍ਹੇਗੰਢ 'ਤੇ ਸਾਰੇ ਦੇਸ਼ ਦੇ ਰਾਜਾਂ ਦੀਆਂ ਰਾਜਧਾਨੀਆਂ ਵਿੱਚ ਤਿੰਨ ਰੋਜ਼ਾ ਧਰਨੇ ਦੇ ਕੇ ਗਵਰਨਰਾਂ ਨੂੰ ਮੰਗ ਪੱਤਰ ਦੇਣ ਦਾ ਪ੍ਰੋਗਰਾਮ ਦਿੱਤਾ ਗਿਆ ਹੈ। ਇਸ ਪ੍ਰੋਗਰਾਮ ਦੀਆਂ ਮੁੱਖ ਮੰਗਾਂ ਵਿੱਚ ਸਾਰੀਆਂ ਫਸਲਾਂ ਦੀ ਐੱਮ ਐੱਸ ਪੀ 'ਤੇ ਖਰੀਦ ਦੀ ਗਰੰਟੀ ਤੇ ਸਵਾਮੀਨਾਥਨ ਫਾਰਮੂਲੇ ਅਨੁਸਾਰ ਸੀ-2+50% ਦੇ ਹਿਸਾਬ ਨਾਲ ਫਸਲਾਂ ਦੇ ਭਾਅ ਮਿਥਣੇ, ਲਖੀਮਪੁਰ ਖੀਰੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣੀਆਂ, ਅਜੈ ਮਿਸ਼ਰਾ ਟੈਣੀ ਨੂੰ ਕੇਂਦਰੀ ਗ੍ਰਹਿ ਰਾਜ ਮੰਤਰੀ ਦੇ ਅਹੁਦੇ ਤੋਂ ਬਰਖਾਸਤ ਕਰਨਾ ਤੇ ਗ੍ਰਿਫ਼ਤਾਰ ਕਰਨਾ, ਕਿਸਾਨ ਅੰਦੋਲਨ ਦੌਰਾਨ ਕਿਸਾਨਾਂ 'ਤੇ ਬਣੇ ਪੁਲਸ ਕੇਸ ਰੱਦ ਕਰਨੇ, ਬਿਜਲੀ ਸੋਧ ਬਿੱਲ-2020 ਨੂੰ ਰੱਦ ਕਰਨਾ ਤੇ ਇਸ ਬਿੱਲ ਦੀਆਂ ਧਾਰਾਵਾਂ ਨੂੰ ਚੋਰਮੋਰੀਆਂ ਰਾਹੀਂ ਲਾਗੂ ਕਰਨ ਨੂੰ ਬੰਦ ਕਰਨਾ, ਕਿਸਾਨਾਂ ਦਾ ਸਾਰਾ ਕਰਜ਼ਾ ਰੱਦ ਕਰਨ ਤੋਂ ਇਲਾਵਾ ਆਪੋ ਆਪਣੇ ਸੂਬੇ ਦੀਆਂ ਮੰਗਾਂ ਸ਼ਾਮਲ ਹੋਣਗੀਆਂ। ਪਿੰਡਾਂ ਵਿੱਚ ਤਿਆਰੀ ਸਬੰਧੀ ਮੀਟਿੰਗਾਂ, ਫੰਡ/ਰਾਸ਼ਨ ਇਕੱਠਾ ਕਰਨ, ਟਰੈਕਟਰ-ਟਰਾਲੀਆਂ ਤਿਆਰ ਕਰਨ ਤੇ ਟਰਾਲੀਆਂ ਉੱਪਰ ਫਲੈਕਸਾਂ ਲਾਉਣ ਦੀ ਮੁਹਿੰਮ ਪੂਰੇ ਜ਼ੋਰਾਂ 'ਤੇ ਸ਼ੁਰੂ ਕਰ ਦਿੱਤੀ ਗਈ ਹੈ। ਆਗੂਆਂ ਹਰਮੰਡਲ ਸਿੰਘ ਜੋਧਪੁਰ, ਜਗਰਾਜ ਸਿੰਘ ਹਰਦਾਸਪੁਰਾ, ਨਾਨਕ ਸਿੰਘ ਅਮਲਾ ਸਿੰਘ ਵਾਲਾ, ਬਾਬੂ ਸਿੰਘ ਖੁੱਡੀ ਕਲਾਂ ਤੇ ਭੋਲਾ ਸਿੰਘ ਛੰਨਾਂ ਨੇ ਦੱਸਿਆ ਕਿ ਤਿੰਨੇ ਬਲਾਕਾਂ ਦੀਆਂ ਸਮੁੱਚੀਆਂ ਪਿੰਡ ਇਕਾਈਆਂ ਦੇ ਕਿਸਾਨ 25 ਨਵੰਬਰ ਨੂੰ ਚੰਡੀਗੜ੍ਹ ਵੱਲ ਕੂਚ ਕਰਨਗੇ। ਕਾਫਲੇ 25 ਨਵੰਬਰ ਨੂੰ ਚੱਲ ਕੇ ਰਾਤ ਨੂੰ ਪਟਿਆਲਾ ਵਿਖੇ ਠਹਿਰਾਓ ਕਰਨਗੇ। ਇਸ ਮੁਹਿੰਮ ਵਿੱਚ ਅਮਰਜੀਤ ਸਿੰਘ ਠੁੱਲੀਵਾਲ, ਸਤਨਾਮ ਸਿੰਘ ਮੂੰਮ, ਕਾਲਾ ਜੈਦ, ਕੁਲਵਿੰਦਰ ਸਿੰਘ ਉੱਪਲੀ, ਅਮਨਦੀਪ ਸਿੰਘ ਰਾਏਸਰ, ਮਨਜੀਤ ਸਿੰਘ ਗੋਰਾ ਰਾਏਸਰ, ਜੱਗਾ ਸਿੰਘ ਮਹਿਲ ਕਲਾਂ, ਸਮਸੇਰ ਸਿੰਘ ਮਹਿਲ ਕਲਾਂ, ਅਮਨਦੀਪ ਸਿੰਘ ਅਮਨਾ ਮਹਿਲ ਕਲਾਂ, ਗੁਰਜੀਤ ਸਿੰਘ ਧਨੇਰ ਆਦਿ ਹਾਜ਼ਰ ਸਨ।

ਬਰਾਈਟ ਫਿਊਚਰ ਆਈਲਟਸ ਐਂਡ ਇੰਮੀਗ੍ਰੇਸ਼ਨ ਸੰਸਥਾ ਨੇ ਕੈਨੇਡਾ ਸਟੱਡੀ ਵੀਜ਼ਾ ਲਗਾਇਆ

ਜਗਰਾਉਂ (ਸੰਜੀਵ ਅਰੋੜਾ)-ਇਲਾਕੇ ਅੰਦਰ ਪਿਛਲੇ ਥੋੜ੍ਹੇ ਸਮੇਂ 'ਚ ਆਈਲਟਸ ਤੇ ਇਮੀਗ੍ਰੇਸ਼ਨ ਖੇਤਰ 'ਚ ਚੰਗਾ ਨਾਮਣਾ ਖੱਟਣ ਵਾਲੀ ਸੰਸਥਾ ਬਰਾਈਟ ਫਿਊਚਰ ਆਈਲਟਸ ਐਂਡ ਇੰਮੀਗ੍ਰੇਸ਼ਨ ਸੰਸਥਾ ਵੱਲੋਂ ਧੜਾਧੜ ਕੈਨੇਡਾ ਦੇ ਸਟੱਡੀ ਵੀਜ਼ੇ ਲਗਵਾਏ ਜਾ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੰਸਥਾ ਦੇ ਐੱਮ. ਡੀ. ਚਰਨਜੀਤ ਸਿੰਘ ਸਰਨਾ ਤੇ ਚੇਅਰਮੈਨ ਇੰਦਰਪ੍ਰੀਤ ਸਿੰਘ ਵਛੇਰ ਨੇ ਦੱਸਿਆ ਕਿ ਸੰਸਥਾ ਵੱਲੋਂ ਇੰਛੂਪਨੀਤ ਸਿੰਘ ਤਨੇਜਾ ਸਪੁੱਤਰ ਡਿੰਪਲ ਤਨੇਜਾ (ਤਨੇਜਾ ਕਲਾਥ ਹਾਊਸ ਵਾਲੇ) ਵਾਸੀ ਜਗਰਾਉਂ ਦਾ ਸਟੱਡੀ ਵੀਜ਼ਾ ਲਗਾ ਕੇ ਦਿੱਤਾ। ਉਨ੍ਹਾਂ ਦੱਸਿਆ ਕਿ ਸੰਸਥਾ ਵੱਲੋਂ ਜਿੱਥੇ ਕੈਨੇਡਾ ਦੇ ਸਟੱਡੀ ਤੇ ਵਿਜ਼ਿਟਰ ਵੀਜ਼ੇ ਲਗਵਾਏ ਜਾ ਰਹੇ ਹਨ, ਉਥੇ ਸੰਸਥਾ ਦੇ ਵਿਦਿਆਰਥੀ ਚੰਗੇ ਬੈਂਡ ਹਾਸਲ ਕਰਕੇ ਵਿਦੇਸ਼ ਜਾਣ ਦਾ ਸੁਪਨਾ ਸਾਕਾਰ ਕਰ ਰਹੇ ਹਨ। ਵੀਜ਼ਾ ਹਾਸਲ ਕਰ ਰਹੇ ਇੰਛੂਪਨੀਤ ਸਿੰਘ ਤਨੇਜਾ ਨੇ ਦੱਸਿਆ ਕਿ ਬਰਾਈਟ ਫਿਊਚਰ ਆਈਲਟਸ ਤੇ ਇੰਮੀਗੇਸ਼ਨ ਸੰਸਥਾ ਨੇ ਸਾਨੂੰ ਬਹੁਤ ਵਧੀਆ ਗਾਈਡ ਕੀਤਾ ਤੇ ਸੌਖੇ ਤਰੀਕੇ ਨਾਲ ਵੀਜ਼ਾ ਪ੍ਰਾਪਤ ਹੋਇਆ। ਇਸ ਮੌਕੇ ਡਿੰਪਲ ਤਨੇਜਾ ਨੇ ਆਖਿਆ ਕਿ ਜੇਕਰ ਤੁਸੀਂ ਵੀ ਵਿਦੇਸ਼ ਜਾਣ ਦਾ ਸੁਪਨਾ ਸਾਕਾਰ ਕਰ ਰਹੇ ਹੋ ਤਾਂ ਇੱਕ ਵਾਰ ਬਰਾਈਟ ਫਿਊਚਰ ਆਈਲਟਸ ਤੇ ਇੰਮੀਗ੍ਰੇਸ਼ਨ ਸੰਸਥਾ ਜ਼ਰੂਰ ਆਉਣ।

ਬਾਲ ਅਧਿਕਾਰਾਂ ਤੇ ਸੁਰੱਖਿਆ ਦੀ ਜਾਗਰੂਕਤਾ ਲਈ ਜ਼ਿਲ੍ਹਾ ਪੱਧਰੀ ਪੇਂਟਿੰਗ ਤੇ ਸਲੋਗਨ ਮੁਕਾਬਲੇ

ਫਾਜ਼ਿਲਕਾ (ਨਿਸ਼ਾ ਸ਼ਰਮਾ)-ਸ੍ਰੀਮਤੀ ਰੀਤੂ ਬਾਲਾ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਫਾਜ਼ਿਲਕਾ ਨੇ ਦੱਸਿਆ ਕਿ ਮਾਨਯੋਗ ਸ੍ਰੀ ਕੰਵਰਦੀਪ ਸਿੰਘ ਚੇਅਰਮੈਨ, ਪੰਜਾਬ ਰਾਜ ਬਾਲ ਅਧਿਕਾਰ ਰੱਖਿਆ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ 14 ਅਕਤੂਬਰ 2023 ਨੂੰ ਜ਼ਿਲ੍ਹਾ ਫਾਜ਼ਿਲਕਾ ਵਿੱਚ ਮਾਨਯੋਗ ਡਿਪਟੀ ਕਮਿਸ਼ਨਰ ਫਾਜ਼ਿਲਕਾ ਡਾ. ਸੇਨੂ ਦੁੱਗਲ ਦੀ ਰਹਨੁਮਾਈ ਹੇਠ ਜ਼ਿਲ੍ਹਾ ਪੱਧਰੀ ਪੇਂਟਿੰਗ ਤੇ ਸਲੋਗਨ ਮੁਕਾਬਲੇ ਸਰਵਹਿੱਤਕਾਰੀ ਵਿੱਦਿਆ ਮੰਦਿਰ, ਸਕੂਲ ਵਿੱਚ ਬਾਲ ਅਧਿਕਾਰਾਂ ਤੇ ਸੁਰੱਖਿਆ ਪ੍ਰਤੀ ਬਣਦੇ ਕਾਨੂੰਨਾਂ ਪ੍ਰਤੀ ਜਿਵੇਂ ਕਿ ਚਾਇਲਡ ਲੇਬਰ, ਚਾਇਲਡ ਮੈਰਿਜ, ਚਾਇਲਡ ਬੈਗਿੰਗ ਤੇ ਪੋਕਸੋ ਐਕਟ ਪ੍ਰਤੀ ਲੋਕਾਂ ਅਤੇ ਬੱਚਿਆਂ ਨੂੰ ਜਾਗਰੂਕ ਕਰਨ ਲਈ ਜ਼ਿਲ੍ਹੇ ਦੇ ਹਾਈ ਸੰਕੈਂਡਰੀ ਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਬੱਚਿਆਂ ਦੇ ਜ਼ਿਲ੍ਹਾ ਪੱਧਰੀ ਪੇਂਟਿੰਗ ਕੰਪੀਟਿਸ਼ਨ ਤੇ ਸਲੋਗਨ ਮੁਕਾਬਲੇ ਕਰਾਏ ਗਏ। ਉਕਤ ਮੁਕਾਬਲਿਆਂ ਵਿੱਚ ਜੇਤੂ ਬੱਚਿਆਂ ਦੀ ਚੋਣ ਜ਼ਿਲ੍ਹਾ ਸਿੱਖਿਆ ਅਫਸਰ ਵੱਲੋਂ ਬਣਾਈ ਗਈ ਜ਼ਿਲ੍ਹਾ ਪੱਧਰੀ ਕਮੇਟੀ ਵੱਲੋਂ ਕੀਤੀ ਗਈ।

ਇਨ੍ਹਾਂ ਮੁਕਾਬਲਿਆਂ ਵਿੱਚ ਪਹਿਲੇ, ਦੂਜੇ ਤੇ ਤੀਜੇ ਸਥਾਨ ਦੇ ਜੇਤੂ ਬੱਚਿਆਂ ਵੰਸ਼ ਨੂੰ 5100/-ਰੁਪਏ, ਰੁਚੀਕਾ ਨੂੰ 3100/- ਰੁਪਏ, ਗੌਰਵ ਨੂੰ 2100/-ਰੁਪਏ ਦੇ ਚੈੱਕ ਡਿਪਟੀ ਕਮਿਸ਼ਨਰ ਡਾ. ਸੇਨੂ ਦੁੱਗਲ ਤੇ ਵਧੀਕ ਡਿਪਟੀ ਕਮਿਸ਼ਨਰ ਰਵਿੰਦਰ ਅਰੋੜਾ ਵੱਲੋਂ ਦਿੱਤੇ ਗਏ। ਇਸ ਸਮੇਂ ਜ਼ਿਲ੍ਹਾ ਬਾਲ ਸੁਰੱਖਿਆ ਦਫਤਰ, ਫਾਜ਼ਿਲਕਾ ਦੇ ਕਰਮਚਾਰੀ ਬਾਲ ਸੁਰੱਖਿਆ ਅਫਸਰ ਰਣਵੀਰ ਕੌਰ, ਅਕਾਊਂਟੈਂਟ ਸੌਰਭ ਖੁਰਾਣਾ, ਸੋਸ਼ਲ ਵਰਕਰ ਨਿਸ਼ਾਨ ਸਿੰਘ ਮੌਜੂਦ ਸਨ।

ਝੰਡੇਆਣਾ 'ਚ ਐੱਨ ਆਈ ਏ ਦੀ ਰੇਡ



ਮੋਗਾ (ਅਮਰਜੀਤ ਬੱਬਰੀ)-ਮੋਗਾ ਜ਼ਿਲ੍ਹੇ ਦੇ ਪਿੰਡ ਝੰਡੇਵਾਲਾ 'ਚ ਬੱਧਵਾਰ ਸਵੇਰੇ ਤੜਕਸਾਰ ਐੱਨ ਆਈ ਏ ਦੀ ਟੀਮ ਨੇ ਗੁਰਲਾਭ ਸਿੰਘ ਦੇ ਘਰ ਛਾਪੇਮਾਰੀ ਕੀਤੀ।ਗੁਰਲਾਭ ਸਿੰਘ ਦੀ ਪਤਨੀ ਹਰਪ੍ਰੀਤ ਕੌਰ ਤੋਂ ਕਰੀਬ ਢਾਈ ਘੰਟਿਆਂ ਤੱਕ ਪੁੱਛਗਿੱਛ ਕੀਤੀ ਗਈ।ਹਰਪ੍ਰੀਤ ਕੌਰ ਦੇ ਮੁਤਾਬਕ ਉਹ ਆਪਣੇ ਪਤੀ ਦਾ ਪੇਜ਼ ਚਲਾਉਂਦੀ ਹੈ ਤੇ ਪੰਜਾਬ ਦੇ ਹੱਕ ਦੀ ਗੱਲ ਕਰਦੀ ਹੈ।ਉਨ੍ਹਾ ਨੂੰ 24 ਨਵੰਬਰ ਨੂੰ ਚੰਡੀਗੜ੍ਹ ਬੁਲਾਇਆ ਗਿਆ ਹੈ।ਇਹ ਗੱਲ ਵੀ ਸਾਹਮਣੇ ਆਈ ਹੈ ਕਿ ਗੁਰਲਾਭ ਸਿੰਘ ਦਾ ਖ਼ਾਲਿਸਤਾਨੀਆਂ ਨਾਲ ਸੰਪਰਕ ਹੈ ਤੇ ਕਿਸੇ ਫੰਡਿੰਗ ਨੂੰ ਲੈ ਕੇ ਐੱਨ ਆਈ ਏ ਦੀ ਟੀਮ ਵੱਲੋਂ ਉਸ ਦੇ ਘਰ ਛਾਪੇਮਾਰੀ ਕੀਤੀ ਗਈ ਹੈ ।ਟੀਮ ਵੱਲੋਂ ਪਰਵਾਰ ਦੇ ਮੋਬਾਇਲ ਤੇ ਹੋਰ ਦਸਤਾਵੇਜ਼ ਖੰਗਾਲੇ ਜਾ ਰਹੇ ਹਨ।

ਗੁਰਮੇਲ ਕੌਰ ਸੰਗੂਧੌਣ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਪਿੰਡ ਸੰਗੂਧੌਣ ਦੀ ਮੁਲਾਜ਼ਮ ਆਗੂ ਗੁਰਮੇਲ ਕੌਰ ਸੰਗੂਧੌਣ, ਜੋ ਅੱਜ ਹੀ ਸੇਵਾ ਮੁਕਤ ਹੋਏ ਸਨ, ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ ਹਨ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਇਸਤਰੀ ਵਿੰਗ ਦੇ ਕੌਮੀ ਪ੍ਰਧਾਨ ਹਰਗੋਬਿੰਦ ਕੌਰ ਨੇ ਉਨ੍ਹਾ ਨੂੰ ਸਿਰੋਪਾ ਦੇ ਕੇ ਸਨਮਾਨਤ ਕੀਤਾ। ਹਰਗੋਬਿੰਦ ਕੌਰ ਨੇ ਉਨ੍ਹਾ ਦੀਆਂ ਸੇਵਾਵਾਂ ਨੂੰ ਵੇਖਦਿਆਂ ਉਨ੍ਹਾ ਨੂੰ ਇਸਤਰੀ ਵਿੰਗ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀ ਜ਼ਿਲ੍ਹਾ ਪ੍ਰਚਾਰ ਸਕੱਤਰ ਨਿਯੁਕਤ ਕੀਤਾ ਹੈ। ਗੁਰਮੇਲ ਕੌਰ ਨੇ ਵਿਸ਼ਵਾਸ ਦਿਵਾਇਆ ਕਿ ਜਿਸ ਤਰ੍ਹਾਂ ਉਨ੍ਹਾ ਨੇ ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਵਿੱਚ ਪੂਰੀ ਦਲੇਰੀ ਨਾਲ ਕੰਮ ਕੀਤਾ ਹੈ, ਉਸੇ ਤਰ੍ਹਾਂ ਉਹ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰਨ ਲਈ ਪੂਰੀ ਮਿਹਨਤ ਕਰਨਗੇ।

ਬਾਗਬਾਨੀ ਵਿਭਾਗ ਵੱਲੋਂ ਸਬਜ਼ੀ ਬੀਜ ਉਤਪਾਦਕ ਕਿਸਾਨਾਂ ਦਾ ਜ਼ਿਲ੍ਹਾ ਪੱਧਰੀ ਕੈਂਪ

ਲੁਧਿਆਣਾ (ਰਾਜ ਸਿੰਗਲਾ)-ਬਾਗਬਾਨੀ ਵਿਭਾਗ ਦੀ ਅਗਵਾਈ ਵਿੱਚ ਬਲਾਕ ਲੁਧਿਆਣਾ-2 ਅਧੀਨ ਪਿੰਡ ਝਾਬੇਵਾਲ ਵਿਖੇ ਸਬਜ਼ੀ ਬੀਜ ਉਤਪਾਦਕਾਂ ਦਾ ਜ਼ਿਲ੍ਹਾ ਪੱਧਰੀ ਕੈਂਪ ਲਾਇਆ ਗਿਆ। ਇਸ ਕੈਂਪ ਵਿੱਚ ਜ਼ਿਲ੍ਹਾ ਲੁਧਿਆਣਾ ਤੇ ਹੋਰ ਜ਼ਿਲ੍ਹਿਆਂ ਦੇ ਸਬਜ਼ੀ ਬੀਜ ਉਤਪਾਦਕ ਕਿਸਾਨਾਂ ਵੱਲੋਂ ਉਚੇਚੇ ਤੌਰ 'ਤੇ ਭਾਗ ਲਿਆ ਗਿਆ। ਇਸ ਮੌਕੇ ਬਾਗਬਾਨੀ ਵਿਭਾਗ ਲੁਧਿਆਣਾ ਦੇ ਡਿਪਟੀ ਡਾਇਰੈਕਟਰ ਡਾ: ਨਰਿੰਦਰ ਪਾਲ ਕਲਸੀ ਦੇ ਨਾਲ ਡਾ: ਜਸਪ੍ਰੀਤ ਕੌਰ ਗਿੱਲ ਸਿੱਧੂ, ਬਾਗਬਾਨੀ ਵਿਕਾਸ ਅਫਸਰ ਲੁਧਿਆਣਾ-2 ਵੱਲੋਂ ਕਿਸਾਨਾਂ ਨੂੰ ਬਾਗਬਾਨੀ ਵਿਭਾਗ ਤਹਿਤ ਚੱਲ ਰਹੀਆਂ ਸਕੀਮਾਂ ਬਾਰੇ ਜਾਣਕਾਰੀ ਦਿੱਤੀ ਗਈ, ਜਿਸ ਵਿੱਚ ਕਿਸਾਨ ਵੱਖ-ਵੱਖ ਮੱਦਾਂ ਤਹਿਤ ਵਿੱਤੀ ਸਹਾਇਤਾ ਪ੍ਰਾਪਤ ਕਰ ਸਕਦੇ ਹਨ। ਇਸ ਕੈਂਪ ਵਿੱਚ ਵਿਸ਼ੇਸ਼ ਤੌਰ 'ਤੇ ਸ਼ੀਤਲ ਪ੍ਰਕਾਸ਼, ਰਾਏਕੋਟ (ਸਟੇਟ ਐਵਾਰਡੀ), ਮਨਿੰਦਰ ਸਿੰਘ ਝਾਬੇਵਾਲ, ਗੁਰਪ੍ਰੀਤ ਸਿੰਘ ਮਾਂਗਟ ਅਸਗਰੀਪੁਰ, ਜਸਪ੍ਰੀਤ ਸਿੰਘ ਗਾਲਿਬ, ਹਰਵਿੰਦਰ ਸਿੰਘ ਖਨੌਰੀ, ਬਲਜਿੰਦਰ ਸਿੰਘ ਫਿਰੋਜ਼ਪੁਰ, ਗੁਲਸ਼ਨ ਸਿੰਘ ਭਾਰਤੀ ਫਿਰੋਜ਼ਪੁਰ, ਜਸਪਾਲ ਸਿੰਘ ਸਨੌਰ, ਮੇਜਰ ਸਿੰਘ ਬਨੂੜ, ਗੁਰਦੀਪ ਸਿੰਘ ਜੰਡਪੁਰਾ ਆਦਿ ਕਿਸਾਨਾਂ ਵੱਲੋਂ ਭਾਗ ਲਿਆ ਗਿਆ।

ਐੱਸ ਡੀ ਐੱਮ ਵੱਲੋਂ ਪਰਾਲੀ ਪ੍ਰਬੰਧਨ ਲਈ ਪਿੰਡਾਂ ਦਾ ਦੌਰਾ

ਮੂਨਕ (ਰਾਜਪਾਲ ਸਿੰਗਲਾ)-ਬੀਤੇ ਦਿਨੀਂ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਉੱਪ-ਮੰਡਲ ਮੈਜਿਸਟਰੇਟ ਮੂਨਕ ਸੂਬਾ ਸਿੰਘ ਨੇ ਸਬ ਡਵੀਜ਼ਨ ਦੇ ਅਨੇਕਾਂ ਪਿੰਡਾਂ ਵਿੱਚ ਦੌਰਾ ਕਰਕੇ ਕਿਸਾਨਾਂ ਨਾਲ ਗੱਲਬਾਤ ਕੀਤੀ ਤੇ ਉਨ੍ਹਾਂ ਨੂੰ ਪਰਾਲੀ ਪ੍ਰਬੰਧਨ ਲਈ ਪ੍ਰੇਰਿਤ ਕੀਤਾ। ਉੱਪ-ਮੰਡਲ ਮੈਜਿਸਟਰੇਟ ਨੇ ਦੱਸਿਆ ਕਿ ਉਹ ਪਿਛਲੇ ਕਈ ਦਿਨਾਂ ਤੋਂ ਪੁਲਸ ਤੇ ਪ੍ਰਸ਼ਾਸਨਕ ਅਧਿਕਾਰੀਆਂ 'ਤੇ ਅਧਾਰਤ ਟੀਮਾਂ ਦੀ ਅਗਵਾਈ ਕਰਦਿਆਂ ਪਿੰਡਾਂ ਵਿੱਚ ਜਾ ਕੇ ਕਿਸਾਨਾਂ ਨੂੰ ਪਰਾਲੀ ਸਾੜਨ ਦੀ ਬਜਾਏ ਪਰਾਲੀ ਪ੍ਰਬੰਧਨ ਦਾ ਰਾਹ ਅਖਤਿਆਰ ਕਰਨ ਲਈ ਪ੍ਰੇਰਿਤ ਕਰ ਰਹੇ ਹਨ। ਸੂਬਾ ਸਿੰਘ ਨੇ ਪਿੰਡ ਮਕੋਰੜ ਸਾਹਿਬ, ਘਮੂਰਘਾਟ, ਗਨੌਟਾ, ਮੰਡਵੀ, ਹਮੀਰਗੜ੍ਹ, ਫੂਲਦ, ਦੇਹਲਾਂ ਤੇ ਪਾਪੜਾ ਵਿਖੇ ਜਾ ਕੇ ਕਿਸਾਨਾਂ ਨਾਲ ਪਰਾਲੀ ਪ੍ਰਬੰਧਨ ਬਾਰੇ ਵਿਚਾਰ ਵਟਾਂਦਰਾ ਕੀਤਾ ਤੇ ਸਰਕਾਰ ਵੱਲੋਂ ਪਰਾਲੀ ਪ੍ਰਬੰਧਨ ਲਈ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਜਾਣਕਾਰੀ ਦਿੱਤੀ। ਐੱਸ.ਡੀ.ਐੱਮ. ਸੂਬਾ ਸਿੰਘ ਨੇ ਕਿਹਾ ਕਿ ਬਹੁ-ਗਿਣਤੀ ਕਿਸਾਨਾਂ ਨੇ ਹੌਲੀ ਹੌਲੀ ਬਿਨਾਂ ਪਰਾਲੀ ਜਾਂ ਨਾੜ ਸਾੜਿਆਂ ਪਰਾਲੀ ਪ੍ਰਬੰਧਨ ਦੀਆਂ ਤਕਨੀਕਾਂ ਅਪਣਾ ਕੇ ਕਣਕ ਦੀ ਸਿੱਧੀ ਬਿਜਾਈ ਕਰਨੀ ਆਰੰਭ ਕਰ ਦਿੱਤੀ ਹੈ ਤੇ ਆਉਣ ਵਾਲੇ ਸਮਿਆਂ ਵਿੱਚ ਇਸ ਜਾਗਰੂਕਤਾ ਮੁਹਿੰਮ ਦੇ ਸਾਰਥਕ ਸਿੱਟੇ ਸਾਹਮਣੇ ਆਉਣਗੇ।

ਮਨਿਸਟਰੀਅਲ ਕਾਮਿਆਂ ਦੀ ਕਲਮਛੋੜ ਹੜਤਾਲ 15ਵੇਂ ਦਿਨ 'ਚ ਦਾਖਲ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਪੰਜਾਬ ਸਰਕਾਰ ਨਾਲ ਆਪਣੀਆਂ ਮੰਗਾਂ ਦੀ ਪੂਰਤੀ ਲਈ ਆਢਾ ਲਾਈ ਬੈਠੇ ਮਨਿਸਟਰੀਅਲ ਕਾਮਿਆਂ ਦੀ ਕਲਮਛੋੜ ਹੜਤਾਲ 15ਵੇਂ ਦਿਨ ਵਿੱਚ ਦਾਖਲ ਹੋ ਗਈ ਹੈ, ਪ੍ਰੰਤੂ ਮੁਲਾਜ਼ਮਾਂ ਦੇ ਹੌਸਲੇ ਬੁਲੰਦ ਹਨ।

ਪੰਜਾਬ ਸਟੇਟ ਮਨਿਸਟਰੀਅਲ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਖੁਸ਼ਕਰਨਜੀਤ ਸਿੰਘ ਤੇ ਜਨਰਲ ਸਕੱਤਰ ਪੁਸ਼ਪਿੰਦਰ ਸਿੰਘ ਨੇ ਖਜ਼ਾਨਾ ਦਫਤਰ ਵਿਖੇ ਮੁਲਾਜ਼ਮਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਪਣੀਆਂ ਹੱਕੀ ਮੰਗਾਂ ਦੀ ਪੂਰਤੀ ਲਈ ਸੰਘਰਸ਼ ਕਰਨਾ ਕਰਮਚਾਰੀਆਂ ਦਾ ਜਮਹੂਰੀ ਹੱਕ ਹੈ, ਪ੍ਰੰਤੂ ਸਰਕਾਰ ਆਪਣੇ ਤੁਗਲਕੀ ਫੁਰਮਾਨਾਂ ਨਾਲ ਮੁਲਾਜ਼ਮਾਂ ਦੇ ਇਸ ਹੱਕ ਨੂੰ ਖੋਹਣਾ ਚਾਹੁੰਦੀ ਹੈ।

ਉਨ੍ਹਾਂ ਕਿਹਾ ਕਿ ਜਥੇਬੰਦੀ ਪੁਰਾਣੀ ਪੈਨਸ਼ਨ ਦੀ ਬਹਾਲੀ, ਪੇਅ ਕਮਿਸ਼ਨ ਦੀਆਂ ਤਰੁੱਟੀਆਂ ਦੂਰ ਕਰਨ, ਪੇ ਕਮਿਸ਼ਨ ਦੇ ਬਕਾਏ ਜਾਰੀ ਕਰਨ, ਮਹਿੰਗਾਈ ਭ

24-Nov-PAGE-8.qxd 11/23/2023 11:33 PM Page 1

ਮਾਮਲਾ ਰੇਲ ਹਾਦਸੇ ਦਾ

17 ਸਾਲ ਬੀਤ ਜਾਣ ਦੇ ਬਾਅਦ ਵੀ ਐਲਾਨੀ ਗਈ ਰਾਸ਼ੀ ਨਹੀਂ ਮਿਲੀ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ) 17 ਸਾਲ ਬੀਤ ਜਾਣ ਦੇ ਬਾਅਦ ਵੀ ਪੰਜਾਬ ਸਰਕਾਰ ਨੂਰਮਹਿਲ ਨੇੜੇ ਪਿੰਡ ਗੁਮਟਾਲਾ ਕੋਲ ਪੀ ਟੀ ਐਮ ਆਰੀਆ ਕਾਲਜ ਦੀ ਬੱਸ ਤੇ ਰੇਲ ਵਿਚਕਾਰ ਹੋਏ ਹਾਦਸੇ 'ਚ ਮਰੀਆ ਗਈਆਂ ਲੜਕੀਆਂ ਦੇ ਪਰਵਾਰਾਂ ਨੂੰ ਹਾਲੇ ਤੱਕ ਐਲਾਨੀ ਗਈ ਪੂਰੀ ਰਾਸ਼ੀ ਦੇਣ 'ਚ ਅਸਫਲ ਰਹੀ ਹੈ। 23 ਨਵੰਬਰ 2006 'ਚ ਪਿੰਡ ਗੁਮਟਾਲਾ ਕੋਲ

ਉਸ ਵੇਲੇ ਮਾਨਵ ਰਹਿਤ ਫਾਟਕ ਤੇ ਹੋਏ ਹਾਦਸੇ 'ਚ 4 ਕਾਲਜ ਵਿਦਿਆਰਥਣਾਂ ਜਿਨ੍ਹਾਂ 'ਚ ਆਸ਼ੀਆ 11ਵੀਂ, ਦਲਜਿੰਦਰ ਕੌਰ ਬੀ ਏ-1 ਤੇ ਕਿਰਨਦੀਪ ਕੌਰ ਬੀ. ਏ- 3 ਤਿੰਨੇ ਪਿੰਡ ਪਾਸਲਾ ਤੇ ਰਾਜਵੀਰ ਕੌਰ ਵਾਸੀ ਗੁਮਟਾਲੀ ਮਾਰੀਆਂ ਗਈਆਂ ਸਨ। ਉਸ ਵੇਲੇ ਪੰਜਾਬ ਵਿੱਚ ਕਾਂਗਰਸ ਸਰਕਾਰ ਦੇ ਮੰਤਰੀ ਅਮਰਜੀਤ ਸਿੰਘ ਨੇ ਮੌਕੇ 'ਤੇ ਪਹੁੰਚ ਕੇ ਐਲਾਨ ਕੀਤਾ ਸੀ ਕਿ ਮਰਨ ਵਾਲੀਆ ਲੜਕੀਆਂ ਦੇ ਪਰਵਾਰਾਂ ਨੂੰ 5-5 ਲੱਖ ਰੁਪਏ ਤੇ ਜਖਮੀਆਂ ਨੂੰ 50-50 ਹਜ਼ਾਰ ਰੁਪਏ ਦਿੱਤੇ ਜਾਣਗੇ। ਜ਼ਿਕਰਯੋਗ ਹੈ ਕਿ ਉਸ ਵੇਲੇ ਨੂਰਮਹਿਲ ਹਲਕੇ ਦੀ ਜ਼ਿਮਨੀ ਚੋਣ ਵੀ ਸੀ। ਜਦ ਸਾਰੀਆਂ ਪਾਰਟੀਆਂ ਦੇ ਆਗੂ ਇਸ ਹਾਦਸੇ 'ਚ ਪਹੁੰਚੇ ਤਾਂ ਸਾਰਿਆਂ ਨੇ ਕਾਲਜ ਤੇ ਪਰਵਾਰ ਵਾਲਿਆਂ ਨਾਲ ਲਾਰੇ ਲਾਏ। ਉਸ ਤੋਂ ਬਾਅਦ ਅਕਾਲੀ ਸਰਕਾਰ ਹੋਂਦ ਵਿੱਚ ਆਈ ਤਾਂ ਇਸ ਸਰਕਾਰ ਨੇ ਲੜਕੀਆ ਦੇ ਪਰਵਾਰਾਂ ਨੂੰ 1-1 ਲੱਖ ਰੁਪਏ ਦਿੱਤੇ, ਪਰ ਰਹਿੰਦੀ ਰਾਸ਼ੀ ਅੱਜ ਤੱਕ ਨਹੀਂ ਮਿਲੀ, ਪਰ ਪਿਛਲੇ 5 ਸਾਲ ਕਾਂਗਰਸ ਪਾਰਟੀ ਦੀ ਸਰਕਾਰ ਰਹੀ। ਉਸ ਵੇਲੇ ਸਰਕਾਰ ਵਿੱਚ ਅਮਰਜੀਤ ਸਿੰਘ ਸਮਰਾ ਚੇਅਰਮੈਨੀ ਦਾ ਸੁੱਖ ਹਢਾ ਚੁੱਕੇ ਹਨ, ਪਰ ਉਨ੍ਹਾਂ ਵੱਲੋਂ ਐਲਾਨੀ ਗਈ ਰਾਸ਼ੀ ਉਹ ਫਿਰ ਵੀ ਨਹੀਂ ਦਿਵਾ ਸਕੇ।

ਹੁਣ ਸਰਕਾਰ ਬਦਲੀ ਨੂੰ ਵੀ 2 ਸਾਲ ਤੋਂ ਵੱਧ ਸਮਾਂ ਹੋ ਚੁੱਕਾ ਹੈ ਪਰ ਆਮ ਆਦਮੀ ਦੀ ਸਰਕਾਰ ਵੱਲੋਂ ਵੀ ਬਾਕੀ ਰਹਿੰਦੀ ਰਾਸ਼ੀ ਵਿਦਿਆਰਥਣਾ ਦੇ ਪਰਵਾਰਾਂ ਨੂੰ ਨਹੀਂ ਦਿੱਤੀ ਗਈ। ਜਦੋਂ ਇਸ ਸੰਬੰਧੀ ਕਾਲਜ ਕਮੇਟੀ ਦੇ ਪਧਾਨ ਓਮ ਪਕਾਸ਼ ਕੁੰਦੀ ਨਾਲ ਗੱਲ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਅਸੀਂ ਸਮੇਂ- ਸਮੇਂ 'ਤੇ ਸਰਕਾਰ ਨੂੰ ਚਿੱਠੀਆਂ ਲਿਖੀਆਂ ਪਰ ਅਜੇ ਤੱਕ ਕਿਸੇ ਵੀ ਸਰਕਾਰ ਦੇ ਕੰਨਾਂ ਉੱਪਰ ਜੂੰ ਨਹੀਂ ਸਰਕੀ। ਉਨ੍ਹਾਂ ਕਿਹਾ ਕਿ ਅਸੀਂ ਭਗਵੰਤ ਸਿੰਘ ਮਾਨ ਦੀ ਸਰਕਾਰ ਨੂੰ ਚਿੱਠੀਆਂ ਭੇਜ ਚੁੱਕੇ ਹਾਂ ਕਿ ਉਹ ਛੇਤੀ ਤੋ ਛੇਤੀ ਐਲਾਨੀ ਰਾਸ਼ੀ ਲੜਕੀਆਂ ਦੇ ਪਰਵਾਰਾਂ ਨੂੰ ਦੇਣ।

ਜੰਗ ਬਹਾਦਰ ਸਿੰਘ ਸੰਘੇੜਾ ਨੂੰ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾਂਜਲੀਆਂ ਭੇਟ

ਬਿਲਗਾ (ਵਿਜੇ ਕੁਮਾਰ) ਨਗਰ ਪੰਚਾਇਤ ਬਿਲਗਾ ਦੇ ਸਾਬਕਾ ਵਾਈਸ ਪ੍ਰਧਾਨ, ਸੀਨੀਅਰ ਕਾਂਗਰਸੀ ਆਗੂ ਅਤੇ ਉਘੇ ਸਮਾਜ ਸੇਵਕ ਪਰਮਿੰਦਰ ਸਿੰਘ ਸੰਘੇੜਾ ਦੇ ਪਿਤਾ ਜੰਗ ਬਹਾਦਰ ਸਿੰਘ ਸੰਘੇੜਾ ਜੋ ਕਿ 15 ਨਵੰਬਰ ਨੂੰ ਸਦੀਵੀ ਵਿਛੋੜਾ ਦੇ ਗਏ ਸਨ।

22 ਨਵੰਬਰ ਨੂੰ ਉਨ੍ਹਾਂ ਦੇ ਭੋਗ ਤੇ ਅੰਤਿਮ ਅਰਦਾਸ ਉਪਰੰਤ ਸ਼ਰਧਾਜ਼ਲੀ ਸਮਾਰੋਹ ਹੋਇਆ ਜਿਸ 'ਚ ਮਹਿੰਦਰ ਸਿੰਘ ਕੇ.ਪੀ ਸਾਬਕਾ ਕੈਬਨਿਟ ਮੰਤਰੀ, ਪਰਗਟ ਸਿੰਘ ਮੌਜੂਦਾ ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ, ਚੌਧਰੀ ਕਰਮਜੀਤ ਕੌਰ ਸੀਨੀਅਰ ਕਾਂਗਰਸੀ ਆਗੂ, ਡਾਕਟਰ ਨਵਜੋਤ ਸਿੰਘ ਦਾਹੀਆ ਹਲਕਾ ਇੰਚਾਰਜ ਕਾਂਗਰਸ ਪਾਰਟੀ, ਹੈਪੀ ਸੰਧੂ ਸੀਨੀਅਰ ਕਾਂਗਰਸੀ ਆਗੂ, ਅਮਨਦੀਪ ਸਿੰਘ ਫਰਵਾਲਾ ਮੈਂਬਰ ਜਿਲ੍ਹਾ ਪ੍ਰੀਸਦ, ਚਰਨ ਸਿੰਘ ਰਾਜੋਵਾਲ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ, ਰਿਟਾਇਰਡ ਪ੍ਰਿੰਸੀਪਲ ਰਵੀ ਸ਼ਰਮਾਂ ਤੇ ਸਮੂਹ ਆਗੂਆਂ ਵੱਲੋਂ ਸਵਰਗ ਵਾਸੀ ਜੰਗ ਬਹਦਰ ਸਿੰਘ ਸੰਘੇੜਾ ਨੂੰ ਸ਼ਰਧਾਜਲੀ ਦਿੰਦੇ ਹੋਏ ਪਰਵਾਰ ਨਾਲ ਦੁੱਖ ਸਾਂਝਾ ਕੀਤਾ ਤੇ ਕਿਹਾ ਕਿ ਉਹ ਇੱਕ ਸੱਚੇ ਸੁੱਚੇ ਤੇ ਨੇਕਦਿਲ ਇਨਸਾਨ ਸਨ। ਇਸ ਮੌਕੇ ਉਨ੍ਹਾਂ ਵੱਲੋਂ ਸਮਾਜ 'ਚ ਕੀਤੇ ਗਏ ਕੰਮਾਂ ਨੂੰ ਯਾਦ ਕੀਤਾ ਗਿਆ। ਉਨ੍ਹਾਂ ਦੇ ਜਾਣ ਨਾਲ ਸਮਾਜ ਤੇ ਪਰਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ। ਇਸ ਮੌਕੇ ਵੱਡੀ ਗਿਣਤੀ 'ਚ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂਆਂ, ਪਾਰਟੀ ਵਰਕਰਾਂ, ਧਾਰਮਿਕ ਤੇ ਸਮਾਜਿਕ ਅਤੇ ਕਿਸਾਨ ਜਥੇਬੰਦੀਆਂ ਅਤੇ ਰਿਸ਼ਤੇਦਾਰਾਂ ਅਤੇ ਇਲਾਕਾ ਵਾਸੀਆਂ ਨੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਸ਼ਰਧਾਜਲੀ ਸਮਾਰੋਹ 'ਚ ਗੁਰਦੀਪ ਸਿੰਘ ਬੰਮਣਵਾਲ ਸਾਬਕਾ ਪ੍ਰਧਾਨ ਮਾਰਕੀਟ ਕਮੇਟੀ, ਅਸ਼ਵਨੀ ਤਾਂਗੜੀ, ਸੁਦਾਗਰ ਲਾਲ ਭਾਰੂਵਾਲ, ਕੁਲਦੀਪ ਮਾਣਕ ਪ੍ਰਧਾਨ ਕਾਂਗਰਸ ਕਮੇਟੀ ਯੂਨਿਟ ਬਿਲਗਾ, ਮੋਹਨ ਲਾਲ ਭਗਤ, ਸਤਪਾਲ ਗਾਬਾ, ਅਜੈ ਕੁਮਾਰ ਕਾਦੀਆਂ ਸਰਪੰਚ, ਧਰਮ ਪਾਲ ਸਰਪੰਚ ਕੰਦੋਲਾ ਕਲਾਂ, ਹਰਦੀਪ ਕੌਰ ਸਾਬਕਾ ਪ੍ਰਧਾਨ ਨਗਰ ਕੌਂਸਲ ਨੂਰਮਹਿਲ, ਜੰਗ ਬਹਾਦਰ ਕੋਹਲੀ ਨੂਰਮਹਿਲ, ਨਰੇਸ਼ ਕੁਮਾਰ ਮਹੇ, ਬਲਵਿੰਦਰ ਸਿੰਘ ਹੁੰਦਲ ਸਰਪੰਚ ਤਲਵਣ, ਨਰਿੰਦਰ ਕੁਮਾਰ ਸਹਿਜ ਪਾਲ ਤਲਵਣ, ਅਮਰਜੀਤ ਲਾਲਾ ਖੋਖੇਵਾਲ, ਸਤਨਾਮ ਸਿੰਘ ਬਾਹੜਾ ਬਿੱਲੂ, ਜਰਨੈਲ ਸਿੰਘ ਬਾਲੀ, ਬਲਵੀਰ ਸਿੰਘ ਧਾਲੀਵਾਲ, ਸੰਦੀਪ ਸਿੰਘ ਸਾਬਕਾ ਮੈਂਬਰ ਨਗਰ ਪੰਚਾਇਤ ਬਿਲਗਾ, ਸੰਦੀਪ ਕੈਂਥ ਸਾਬਕਾ ਮੈਂਬਰ ਨਗਰ ਪੰਚਾਇਤ, ਦਲਬੀਰ ਸਿੰਘ ਕੱਦੋ ਸਾਬਕਾ ਮੈਂਬਰ ਨਗਰ ਪੰਚਾਇਤ, ਬਲਜੀਤ ਸਿੰਘ ਸੰਘੇੜਾ, ਮਹਿੰਦਰ ਸਿੰਘ ਪ੍ਰਧਾਨ ਗੁਰਦੁਆਰਾ ਲੋਕਲ ਕਮੇਟੀ, ਚੌਧਰੀ ਨਵਤੇਜ ਸਿੰਘ, ਚੌਧਰੀ ਜਸਜੀਤ ਸਿੰਘ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਮਾਸਟਰ ਜੋਗਿੰਦਰ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।

ਚੈਰਿਟੀ ਸੈਮੀਨਾਰ ਕਰਵਾਇਆ

ਮਹਿਤਪੁਰ (ਰਾਜਾ) ਐਸ ਐਸ ਪੀ ਸਾਹਿਬ ਜਲੰਧਰ ਦਿਹਾਤੀ ਮੁਖਵਿੰਦਰ ਸਿੰਘ ਭੁੱਲਰ ਪੀ ਪੀ ਐਸ ਅਤੇ ਸ੍ਰੀਮਤੀ ਮਨਜੀਤ ਕੌਰ ਪੀ ਪੀ ਐਸ, ਜਿਲ੍ਹਾ ਕਮਿਊਨਿਟੀ ਪੁਲਸ ਅਫਸਰ ਦੇ ਦਿਸ਼ਾ ਨਿਰਦੇਸ ਅਨੁਸਾਰ ਥਾਣਾ ਸਾਂਝ ਕੇਂਦਰ ਮਹਿਤਪੁਰ ਵੱਲੋ ਡੀ ਐਸ ਪੀ ਨਰਿੰਦਰ ਸਿੰਘ ਔਜਲਾ ਪੀ ਪੀ ਐਸ ਸਬ ਡਵੀਜ਼ਨ ਸ਼ਾਹਕੋਟ ਇੰਸਪੈਟਰ ਭੁਪਿੰਦਰ ਸਿੰਘ ਜਿਲ੍ਹਾ ਸਾਂਝ ਕੇਂਦਰ ਇੰਚਾਰਜ ਅਤੇ ਇੰਸਪੈਟਰ ਜਤਿੰਦਰ ਕੁਮਾਰ ਮੁੱਖ ਅਫਸਰ ਥਾਣਾ ਮਹਿਤਪੁਰ ਰਾਜ ਸਿੰਘ ਸਬਡਵੀਜ਼ਨ ਸ਼ਾਂਝ ਕੇਦਰ ਇੰਚਾਰਜ ਦੀ ਦੇਖ ਰੇਖ ਹੇਠ ਸਰਕਾਰੀ ਪ੍ਰਾਇਮਰੀ ਪਿੰਡ ਬੀੜ ਬਾਲੋਕੀ ਮਹਿਤਪੁਰ ਵਿਖੇ ਚੈਰਿਟੀ ਸੈਮੀਨਾਰ ਕੀਤਾ ਗਿਆ। ਸੈਮੀਨਾਰ 'ਚ ਲੋੜਵੰਦ ਬੱਚਿਆਂ ਨੂੰ ਉਹਨਾਂ ਦੀ ਜ਼ਰੂਰਤ ਵਾਸਤੇ ਕਾਪੀਆਂ ਪੈਨ ਪੈਨਸਿਲਾਂ ਵੰਡੀਆਂ ਗਈਆਂ। ਇਸ ਮੌਕੇ ਸਾਂਝ ਕੇਂਦਰ ਵੱਲੋਂ ਦਿੱਤੀਆ ਜਾਣ ਵਾਲੀਆ ਸੇਵਾਵਾਂ, ਔਰਤਾਂ, ਬੱਚਿਆ ਅਤੇ ਬਜ਼ੁਰਗਾਂ ਦੀ ਸਹਾਇਤਾ ਲਈ ਪੁਲਸ ਹੈਲਪ ਲਾਈਨ ਨੰਬਰ 181, 112 ਅਤੇ 1091 ਦੀ ਵਰਤੋਂ ਬਾਰੇ ਅਤੇ ਸ਼ਕਤੀ ਐਪ ਸੰਬੰਧੀ ਜਾਣਕਾਰੀ ਦਿੱਤੀ ਗਈ ਅਤੇ ਨਾਲ ਹੀ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਅਤੇ ਨਸ਼ਿਆਂ ਤੋਂ ਬਚਣ ਸੰਬੰਧੀ ਜਾਗਰੂਕ ਕੀਤਾ ਗਿਆ। ਇਸ ਮੌਕੇ ਮੁੱਖ ਸਿਪਾਹੀ ਗੁਰਦਿਆਲ ਸਿੰਘ, ਮਹਿਲਾ ਸਿਪਾਹੀ ਬਲਵਿੰਦਰ ਕੌਰ, ਮੁੱਖ ਅਧਿਆਪਕ ਸ਼ੇਖਰ ਚੰਦ, ਅਧਿਆਪਕ ਸਖਦੇਵ ਸਿੰਘ, ਕਿਰਨ ਬਾਲਾ, ਜਗੀਰ ਚੰਦ, ਸਰਪੰਚ ਜਸਵੀਰ ਸਿੰਘ, ਲਖਵਿੰਦਰ ਸਿੰਘ ਆਦਿ ਸ਼ਾਮਲ ਸਨ।

ਪੰਜਾਬ ਪੈਨਸ਼ਨਰਜ਼ ਯੂਨੀਅਨ ਨਵਾਂਸ਼ਹਿਰ ਦੀ ਮੀਟਿੰਗ

ਬਹਿਰਾਮ (ਅਵਤਾਰ ਕਲੇਰ) ਪੰਜਾਬ ਪੈਨਸ਼ਨਰਜ਼ ਯੂਨੀਅਨ ਨਵਾਂਸ਼ਹਿਰ ਦੀ ਮਹੀਨਾਵਾਰ ਮੀਟਿੰਗ ਦਲਜੀਤ ਸਿੰਘ ਸੁੱਜੋਂ ਦੀ ਪ੍ਰਧਾਨਗੀ ਹੇਠ ਸ਼ਹੀਦ ਮਲਕੀਤ ਚੰਦ ਮੇਹਲੀ ਭਵਨ ਬੰਗਾ ਰੋਡ ਨਵਾਂਸ਼ਹਿਰ ਵਿਖੇ ਕੀਤੀ ਗਈ। ਮੀਟਿੰਗ ਦੀ ਸ਼ੁਰੂਆਤ ਵਿਛੜੇ ਸਾਥੀਆਂ ਪਰਮਜੀਤ ਸਿੰਘ ਸਮਰਾ, ਜਗੀਰ ਸਿੰਘ ਫਿਲੌਰ, ਜਗਤਾਰ ਸਿੰਘ ਸੂੰਢ, ਸ਼ਾਮ ਲਾਲ ਯਾਰਡ ਮਾਸਟਰ ਦੀ ਧਰਮ ਪਤਨੀ ਅਤੇ ਪ੍ਰੇਮ ਕੁਮਾਰ ਕੈਸੀਅਰ ਦੀ ਸਿਸਟਰ ਇਨ ਲਾਅ ਨੂੰ ਸਰਧਾਂਜਲੀ ਭੇਟ ਕਰਨ ਨਾਲ ਕੀਤੀ ਗਈ। ਇਸ ਤੋਂ ਬਾਅਦ ਪੰਜਾਬ ਪੈਨਸ਼ਨਰਜ਼ ਯੂਨੀਅਨ ਦੇ ਜਿਲ੍ਹਾ ਜਨਰਲ ਸਕੱਤਰ ਕਾਮਰੇਡ ਮੁਕੰਦ ਲਾਲ ਸਮੇਤ ਵੱਖ ਵੱਖ ਮੈਂਬਰਾਂ ਜਗਤਾਰ ਸਿੰਘ ਸੀਨੀਅਰ ਮੀਤ ਪ੍ਰਧਾਨ, ਬਲਵੀਰ ਸਿੰਘ ਮਹਿਤਪੁਰ, ਗੁਰਮੇਲ ਚੰਦ, ਜਸਵਿੰਦਰ ਸਿੰਘ ਭੰਗਲ ਅਤੇ ਦਸੌਂਧਾ ਸਿੰਘ ਨੇ ਆਪਣੀਆਂ ਸਮੱਸਿਆਵਾਂ ਦੇ ਨਾਲ ਨਾਲ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਪੈਨਸ਼ਨਰਾਂ, ਮੁਲਾਜਮਾਂ ਪ੍ਰਤੀ ਵਤੀਰੇ ਦੀ ਨਿੰਦਾ ਕੀਤੀ। ਕਾਮਰੇਡ ਮੁਕੰਦ ਲਾਲ ਨੇ ਕਿਹਾ ਕਿ ਮਾਨ ਸਾਹਿਬ ਅਸੀਂ ਮੁਲਾਜਮ ਅਤੇ ਪੈਨਸ਼ਨਰ ਸਰਕਾਰ ਤੋਂ ਆਪਣੇ ਹੱਕੀ ਬਕਾਏ ਹੀ ਮੰਗ ਰਹੇ ਹਾਂ। ਜਿਵੇਂ ਕਿ ਡੀ ਏ ਦੀਆਂ ਰਹਿੰਦੀਆਂ ਕਿਸਤਾਂ ਦੇ ਬਕਾਏ। ਛੇਵੇਂ ਪੇ ਕਮਿਸ਼ਨ ਦੀਆਂ ਸਿਫਾਰਸਾਂ ਅਨੁਸਾਰ ਪੈਨਸ਼ਨ ਸੋਧ ਕਰਨੀ, ਮੈਡੀਕਲ ਬਿੱਲਾਂ ਦੇ ਭੁਗਤਾਨ ਆਦਿ। ਪੁਰਾਣੀ ਪੈਨਸਨ ਸਕੀਮ ਦੀ ਬਹਾਲੀ ਆਦਿ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕੇਹਰ ਚੰਦ ਗਰਚਾ, ਉਮਰਾਓ ਸਿੰਘ ਇੰਸਪੈਕਟਰ, ਗੁਰਪਾਲ ਸਿੰਘ, ਅਜਮੇਰ ਸਿੰਘ, ਬਖਸੀਸ ਸਿੰਘ, ਸੁਖਦੇਵ ਸਿੰਘ ਮਝੂਰ, ਸੇਵਾ ਸਿੰਘ ਮਝੂਰ, ਕਲਿਆਣ ਸਿੰਘ ਇੰਸਪੈਕਟਰ, ਮੇਹਰ ਸਿੰਘ, ਦੇਸ ਰਾਜ, ਰਕੇਸ ਚੰਦਰ ਸਰਮਾ, ਮੋਹਣ ਸਿੰਘ ਰੁੜਕੀ ਖਾਸ, ਪਵਿੱਤਰ ਸਿੰਘ, ਪ੍ਰੇਮ ਸਿੰਘ ਬਘੌਰਾਂ, ਸੋਹਣ ਸਿੰਘ ਸੋਨਾ, ਸੋਹਣ ਸਿੰਘ ਮਹਿਤਪੁਰ ,ਅਮਰੀਕ ਸਿੰਘ ਆਦਿ ਹਾਜ਼ਰ ਸਨ।

ਬਾਰ੍ਹਵਾਂ ਐਥਲੈਟਿਕਸ ਖੇਡ ਮੇਲਾ ਸ਼ਾਨੋ ਸ਼ੌਕਤ ਨਾਲ ਸੰਪੰਨ

ਨੂਰਮਹਿਲ (ਬਾਲ ਕ੍ਰਿਸਨ ਬਾਲੀ) ਸਕੂਲੀ ਬੱਚਿਆਂ ਨੂੰ ਖੇਡਾਂ ਅਤੇ ਨਿਰੋਲ ਸਭਿਆਚਾਰ ਨਾਲ ਜੋੜਨ ਲਈ ਪ੍ਰਤੀਬੱਧ ਇਲਾਕੇ ਦੀ ਪ੍ਰਸਿੱਧ ਸੰਸਥਾ ਸਕੈਨ (ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ ਆਫ ਨੂਰਮਹਿਲ ਬਲਾਕ ਰਜਿ.) ਵੱਲੋਂ ਪ੍ਰਧਾਨ ਰਣਜੀਤ ਸਿੰਘ ਹੁੰਦਲ ਦੀ ਯੋਗ ਅਗਵਾਈ ਹੇਠ 12ਵੇਂ ਸਾਲਾਨਾ ਐਥਲੈਟਿਕ ਮੁਕਾਬਲੇ ਪੂਰੀ ਮਿਹਨਤ ਤੇ ਲਗਨ ਨਾਲ ਸਥਾਨਕ ਦੁਸਿਹਰਾ ਗਰਾਂਉਡ ਵਿੱਚ ਕਰਵਾਏ ਗਏ। ਉਦਘਾਟਨੀ ਸਮਾਰੋਹ ਵਿੱਚ ਪਹੁੰਚੀ ਹਲਕੇ ਦੀ ਵਿਧਾਇਕਾ ਮਾਣਯੋਗ ਬੀਬੀ ਇੰਦਰਜੀਤ ਕੌਰ ਮਾਨ ਨੇ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ। ਇਸ ਮੌਕੇ ਉਨ੍ਹਾਂ ਨਾਲ ਸਮੁੱਚੀ ਸਕੈਨ ਸੰਸਥਾ ਦੇ ਮੈਂਬਰਾਂ ਤੋਂ ਇਲਾਵਾ ਇਲਾਕੇ ਦੇ ਉੱਘੇ ਸਮਾਜ ਸੇਵੀ ਜਗਦੀਸ਼ ਸਿੰਘ ਸਰਪੰਚ ਪਿੰਡ ਰਾਮੇਵਾਲ ਦੇ ਸਪੁੱਤਰ ਲਾਡੀ ਯੂ ਐਸ ਏ ਵੀ ਨਾਲ ਸਨ। ਜਿਨ੍ਹਾਂ ਨੇ ਗੁਬਾਰੇ ਹਵਾ 'ਚ ਉਡਾਉਣ ਦੀ ਰਸਮ ਅਦਾ ਕੀਤੀ। ਵੱਖ ਵੱਖ ਸਕੂਲਾਂ ਆਏ ਬੱਚਿਆਂ ਨੇ ਮਾਰਚ ਪਾਸਟ 'ਚ ਹਿੱਸਾ ਲੈਂਦੇ ਹੋਏ ਝੰਡੇ ਨੂੰ ਸਲਾਮੀ ਦਿੱਤੀ। ਡਿਪਸ ਸਕੂਲ ਦੇ ਬੱਚਿਆਂ ਨੇ ਜਿਮਨਾਸਟਿਕ ਦੀ ਵਧੀਆ ਪੇਸ਼ਕਾਰੀ ਕੀਤੀ। ਸ਼ਿਵਾ ਪਬਲਿਕ ਸਕੂਲ ਦੀਆਂ ਲੜਕੀਆਂ ਵੱਲੋਂ ਲੋਕ ਨਾਚ ਗਿੱਧਾ ਪੇਸ਼ ਕੀਤਾ ਗਿਆ। ਮਾਤਾ ਗੰਗਾ ਜੀ ਸਕੂਲ ਮੌ ਸਾਹਿਬ ਦੀਆਂ ਵਿਦਿਆਰਥਣਾਂ ਵੱਲੋਂ ਪੰਜਾਬੀ ਭੰਗੜੇ ਦੀ ਆਈਟਮ ਪੇਸ਼ ਕੀਤੀ ਗਈ। ਇਸ ਤੋਂ ਉਪਰੰਤ ਐਥਲੈਟਿਕਸ ਦੇ ਵੱਖ ਵੱਖ ਵਰਗਾਂ 'ਚ 1500 ਮੀਟਰ, 800 ਮੀਟਰ, 600 ਮੀਟਰ, 400 ਮੀਟਰ, 200 ਮੀਟਰ, 100 ਮੀਟਰ, 50 ਮੀਟਰ, ਲੰਬੀ ਛਾਲ, ਗੋਲਾ ਸੁੱਟਣਾ , ਸੈਕ ਰੇਸ, ਸਪੂਨ ਰੇਸ ਦੇ 14 ਸਾਲ, 17 ਸਾਲ ਅਤੇ 19 ਸਾਲ ਤੋਂ ਘੱਟ ਉਮਰ ਵਰਗ ਦੇ ਲੜਕੇ ਤੇ ਲੜਕੀਆਂ ਦੇ ਮੁਕਾਬਲੇ ਕਰਵਾਏ ਗਏ। ਇਹਨਾਂ ਮੁਕਾਬਲਿਆਂ 'ਚ ਲਗਾਤਾਰ ਬਾਰ੍ਹਵੀਂ ਵਾਰ ਫੇਰ ਡੀ ਏ ਵੀ ਸਕੂਲ ਬਿਲਗਾ ਨੇ 30 ਮੈਡਲ ਜਿੱਤ ਕੇ ਓਵਰ ਆਲ ਟਰਾਫੀ ਤੇ ਆਪਣਾ ਕਬਜਾ ਬਰਕਰਾਰ ਰੱਖਿਆ। ਇਸ ਵਾਰ ਪ੍ਰਾਈਵੇਟ ਸਕੂਲਾਂ ਦੇ

ਮੁਕਾਬਲੇ ਸਰਕਾਰੀ ਸਕੂਲਾਂ ਕਾਰਗੁਜ਼ਾਰੀ ਵੀ ਕਾਫੀ ਵਧੀਆ ਰਹੀ। ਇਨਾਮਾਂ ਵੰਡ ਨਗਰ ਕੌਂਸਲ ਪ੍ਰਧਾਨ ਸ੍ਰੀਮਤੀ ਹਰਦੀਪ ਕੌਰ ਜੌਹਲ ਅਤੇ ਇਲਾਕੇ ਦੇ ਪਤਵੰਤੇ ਸੱਜਣਾਂ ਦੁਆਰਾ ਕੀਤੀ ਗਈ। ਇਸ ਮੌਕੇ ਸਕੈਨ ਸੰਸਥਾ ਦੀ ਉਪ ਪ੍ਰਧਾਨ ਸ੍ਰੀਮਤੀ ਸੁਮਨ ਲਤਾ ਪਾਠਕ, ਸਕੱਤਰ ਪਵਨ ਕੁਮਾਰ ਰਾਏ, ਮੰਚ ਸੰਚਾਲਕ ਮੱਖਣ ਸ਼ੇਰਪੁਰੀ, ਖਜਾਨਚੀ ਪਰਮਜੀਤ ਸਿੰਘ ਚੀਮਾ, ਰਵਿੰਦਰ ਸਿੰਘ ਗੋਗੀ ਜੌਹਲ, ਖੁਸਪਾਲ ਚੀਮਾ, ਹਰਕਮਲ ਸਿੰਘ ਜੌਹਲ, ਗੁਰਿੰਦਰ ਸਿੰਘ ਜੌਹਲ, ਪ੍ਰਿਤਪਾਲ ਸਿੰਘ ਨੰਨਰਾ, ਮੈਡਮ ਹਰਵਿੰਦਰ ਕੌਰ, ਮੈਡਮ ਗੀਨਾ ਸ਼ਰਮਾ, ਗੁਰਵਿੰਦਰ ਸਿੰਘ ਜੌਹਲ, ਡਾ. ਰਣਜੀਤ ਸਿੰਘ ਹੰਜਰਾ, ਅਮਨ ਪਾਠਕ, ਅਮਨ ਭੱਚੂ, ਸਰਬਜੀਤ ਸਿੰਘ ਲੈਕਚਰਾਰ, ਪਵਨ ਕੁਮਾਰ ਲੈਕਚਰਾਰ, ਬਲਵਿੰਦਰ ਸਿੰਘ ਲਾਲੀ, ਜਸਕੀਰਤ ਸਿੰਘ ਡੀ ਪੀ, ਜੀਵਨ ਮੈਡਮ, ਲਵਪ੍ਰੀਤ ਕੌਰ, ਮਨਮੋਹਨ ਸਿੰਘ ਡੀ ਪੀ, ਉਂਕਾਰ ਸਿੰਘ ਡੀ ਪੀ ਕੁਲਦੀਪ ਸਿੰਘ ਡੀ ਪੀ, ਰਾਜੇਸ਼ ਕੁਮਾਰ ਡੀ ਪੀ, ਬਲਜੀਤ ਸਿੰਘ ਆਦਿ ਨੇ ਖੇਡ ਮੇਲੇ ਨੂੰ ਸਫਲ ਬਣਾਉਣ ਲਈ ਬਹੁਤ ਮਿਹਨਤ ਕੀਤੀ।

ਵਰਿੰਦਰ ਵਾਲੀਆ ਤੇ ਰਚਨਾ ਖਹਿਰਾ ਨੂੰ ਮਿਲੇਗਾ ਮਾਣਮੱਤਾ ਪੱਤਰਕਾਰ ਪੁਰਸਕਾਰ

ਫਗਵਾੜਾ : ਪੰਜਾਬੀ ਕਾਲਮਨਵੀਸ ਪੱਤਰਕਾਰ ਮੰ

24-Nov-PAGE-9.qxd 11/23/2023 11:00 PM Page 1

ਕਰਨਾਟਕ ਵਿਧਾਨ ਸਭਾ ਸਪੀਕਰ ਦੀ ਅਗਵਾਈ ਵਾਲੇ ਵਫ਼ਦ ਵੱਲੋਂ ਸੰਧਵਾਂ ਨਾਲ ਮੁਲਾਕਾਤ

ਚੰਡੀਗੜ੍ਹ, (ਗੁਰਜੀਤ ਬਿੱਲਾ)— ਪੰਜਾਬ ਵਿਧਾਨ ਸਭਾ ਵਿੱਚ ਪਹਿਲੀ ਵਾਰ ਲਾਗੂ ਕੀਤੇ ਨੈਸ਼ਨਲ ਈ-ਵਿਧਾਨ ਐਪਲੀਕੇਸ਼ਨ ਪ੍ਰਾਜੈਕਟ ਸਬੰਧੀ ਜਾਣਕਾਰੀ ਹਾਸਲ ਕਰਨ ਲਈ ਪੰਜਾਬ ਦੇ ਦੌਰੇ 'ਤੇ ਆਏ ਕਰਨਾਟਕਾ ਵਿਧਾਨ ਸਭਾ ਸਪੀਕਰ ਦੀ ਅਗਵਾਈ ਵਾਲੇ ਵਫ਼ਦ ਨੇ ਪੰਜਾਬ ਵਿਧਾਨ ਸਭਾ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨਾਲ ਮੁਲਾਕਾਤ ਕੀਤੀ।

ਇਸ ਵਫ਼ਦ ਵਿੱਚ ਕਰਨਾਟਕ ਵਿਧਾਨ ਸਭਾ ਸਪੀਕਰ ਯੂ.ਟੀ. ਖਾਦੇਰ ਫ਼ਰੀਦ, ਸਕੱਤਰ ਕਰਨਾਟਕਾ ਵਿਧਾਨ ਪ੍ਰੀਸ਼ਦ ਸ੍ਰੀਮਤੀ ਕੇ.ਆਰ. ਮਹਾਂਲਕਸ਼ਮੀ, ਸਕੱਤਰ ਕਰਨਾਟਕ ਵਿਧਾਨ ਸਭਾ ਸ੍ਰੀਮਤੀ ਐਮ.ਕੇ. ਵਿਸ਼ਾਲਕਸ਼ੀ ਤੋਂ ਇਲਾਵਾ ਕਰਨਾਟਕ ਸਪੀਕਰ ਦੇ ਨਿੱਜੀ ਸਕੱਤਰ ਮਹੇਸ਼ ਕਾਰਜਗੀ, ਸਲਾਹਕਾਰ ਓਮ ਪ੍ਰਕਾਸ਼, ਕਰਨਾਟਕ ਵਿਧਾਨ ਪ੍ਰੀਸ਼ਦ ਦੀ ਵਧੀਕ ਸਕੱਤਰ ਸ੍ਰੀਮਤੀ ਐਸ. ਨਿਰਮਲਾ, ਡਾਇਰੈਕਟਰ (ਆਈ.ਟੀ.) ਜੇ. ਈ. ਸ਼ਸ਼ੀਧਰ, ਓ.ਐਸ.ਡੀ. ਟੂ ਚੇਅਰਮੈਨ ਵਿਧਾਨ ਪ੍ਰੀਸ਼ਦ ਸ੍ਰੀਮਤੀ ਕੇ.ਡੀ. ਸ਼ੀਲਾ ਅਤੇ ਚੀਫ਼ ਐਡੀਟਰ ਆਫ਼ ਡੀਬੇਟਸ ਐਮ. ਸ਼ਸ਼ੀਕਾਂਤ ਸ਼ਾਮਲ ਸਨ।

ਇੱਥੇ ਪੰਜਾਬ ਵਿਧਾਨ ਸਭਾ ਸਕੱਤਰੇਤ ਵਿਖੇ ਹੋਈ ਮੀਟਿੰਗ ਮੌਕੇ ਆਪਣੇ ਵਿਚਾਰ ਪੇਸ਼ ਕਰਦਿਆਂ ਸਪੀਕਰ ਸੰਧਵਾਂ ਨੇ ਦੱਸਿਆ ਕਿ ਪੰਜਾਬ ਵਿਧਾਨ ਸਭਾ ਦੇ ਸਮੁੱਚੇ ਕੰਮ ਕਾਜ ਨੂੰ ਕਾਗਜ਼ ਰਹਿਤ ਕਰ ਦਿੱਤਾ ਗਿਆ ਹੈ ਅਤੇ ਵਿਧਾਨ ਸਭਾ ਸੈਸ਼ਨਾਂ ਦਾ ਸਮੁੱਚਾ ਕੰਮ ਕਾਜ ਪੂਰਨ ਤੌਰ 'ਤੇ ਡਿਜ਼ੀਟਲ ਅਤੇ ਪੇਪਰਲੈੱਸ ਤਰੀਕੇ ਨਾਲ ਹੋ ਰਿਹਾ ਹੈ। ਉਨ੍ਹਾਂ ਦੱਸਿਆ ਕਿ ਦੋ ਦਿਨਾ ਨੈਸ਼ਨਲ ਈ-ਵਿਧਾਨ ਐਪਲੀਕੇਸ਼ਨ (ਨੇਵਾ) ਕਾਨਫਰੰਸ-ਕਮ-ਵਰਕਸ਼ਾਪ ਕਰਵਾ ਕੇ ਸਮੂਹ ਵਿਧਾਇਕਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਨਵੀਂ ਪ੍ਰਣਾਲੀ ਤਹਿਤ ਕੰਮ ਕਾਜ ਕਰਨ ਦੀ ਸਿਖਲਾਈ ਦਿੱਤੀ ਗਈ ਸੀ। ਉਨ੍ਹਾਂ ਦੱਸਿਆ ਕਿ ਪੰਜਾਬ ਵਿਧਾਨ ਸਭਾ ਦੇ ਕੰਮਕਾਜ ਨੂੰ ਹਾਈ-ਟੈਕ ਬਣਾਉਣ ਅਤੇ ਆਧੁਨਿਕ ਤਕਨਾਲੋਜੀ ਨਾਲ ਜੋੜਨ ਲਈ ਡਿਜੀਟਲ ਵਿੰਗ ਸਥਾਪਤ ਕੀਤਾ ਗਿਆ ਹੈ। ਡਿਜੀਟਲ ਵਿੰਗ ਵਿੱਚ ਆਈ.ਟੀ. ਸੈੱਲ, ਐਨ.ਆਈ.ਸੀ. ਸੈੱਲ, ਹਾਈ ਟੈੱਕ ਟਰੇਨਿੰਗ ਰੂਮ (ਨੇਵਾ ਸੇਵਾ ਕੇਂਦਰ), ਹਾਈਟੈੱਕ

ਕੰਟਰੋਲ ਰੂਮ, ਨੈੱਟਵਰਕ ਕੰਟਰੋਲ ਰੂਮ ਸ਼ਾਮਲ ਹਨ। ਸਪੀਕਰ ਨੇ ਦੱਸਿਆ ਕਿ ਕਿ ਨੇਵਾ ਐਪ ਦੀ ਵਰਤੋਂ ਨਾਲ ਜਿੱਥੇ ਸਦਨ ਦੀ ਕਾਰਵਾਈ ਦੀ ਲਾਈਵ ਵੈੱਬਕਾਸਟਿੰਗ ਰਾਹੀਂ ਲੋਕਾਂ ਦੀ ਭਾਗੀਦਾਰੀ ਵਧੀ ਹੈ, ਉੱਥੇ ਹੀ ਪੰਜਾਬ ਵਿਧਾਨ ਸਭਾ ਦੇ ਸਕੱਤਰੇਤ ਦਾ ਕੰਮ ਕਾਜ ਹੋਰ ਵੀ ਸੁਖਾਲਾ ਹੋਇਆ ਹੈ। ਉਨ੍ਹਾਂ ਦੱਸਿਆ ਕਿ ਸਦਨ ਵਿੱਚ ਪੇਪਰ ਵੀ ਇਲੈਕਟ੍ਰਾਨਿਕ ਵਿਧੀ ਰਾਹੀਂ ਪੇਸ਼ ਕੀਤੇ ਜਾ ਰਹੇ ਹਨ ਅਤੇ ਵਿਧਾਨ ਸਭਾ ਮੈਂਬਰਾਂ ਤੇ ਸਟਾਫ ਨੂੰ ਕਾਗਜ਼ ਰਹਿਤ ਸਹੂਲਤਾਂ ਮਿਲ ਰਹੀਆਂ ਹਨ। ਕਰਨਾਟਕ ਵਿਧਾਨ ਸਭਾ ਸਪੀਕਰ ਯੂ.ਟੀ. ਖਾਦੇਰ ਫ਼ਰੀਦ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਨੈਸ਼ਨਲ ਈ ਵਿਧਾਨ ਐਪਲੀਕੇਸ਼ਨ ਇੱਕ ਸਮਰੱਥ ਪ੍ਰਣਾਲੀ ਹੈ, ਜਿਸ ਨਾਲ ਪੰਜਾਬ ਵਿਧਾਨ ਸਭਾ ਦਾ ਸਮੁੱਚਾ ਕਾਰ ਵਿਹਾਰ ਇੱਕ ਤਸੱਲੀ ਭਰਪੂਰ ਢੰਗ ਨਾਲ ਚਲਦਾ ਹੈ। ਉਨ੍ਹਾਂ ਕਿਹਾ ਕਿ ਅਸੀਂ ਪੰਜਾਬ ਦੀ ਤਰਜ 'ਤੇ ਕਰਨਾਟਕ ਵਿਧਾਨ ਸਭਾ ਵਿੱਚ ਇੱਕ ਅਜਿਹਾ ਸਿਸਟਮ ਲਾਗੂ ਕਰਨ ਬਾਰੇ ਸੋਚ ਰਹੇ ਹਾਂ, ਜੋ ਸਾਡੀਆਂ ਲੋੜਾਂ ਅਤੇ ਕਾਰਜ ਪ੍ਰਣਾਲੀ ਅਨੁਸਾਰ ਕੰਮ ਕਰੇ। ਉਨ੍ਹਾਂ ਕਿਹਾ ਕਿ ਸਾਨੂੰ ਪੰਜਾਬ ਵਿਧਾਨ ਸਭਾ ਤੋਂ ਅਹਿਮ ਜਾਣਕਾਰੀ ਪ੍ਰਾਪਤ ਹੋਈ ਹੈ ਜੋ ਸਾਡੇ ਲਈ ਬੇਹੱਦ ਸਹਿਯੋਗੀ ਸਿੱਧ ਹੋਵੇਗੀ। ਇਸ ਮੌਕੇ ਵਫ਼ਦ ਨੇ ਸਦਨ ਦਾ ਦੌਰਾ ਵੀ ਕੀਤਾ ਅਤੇ ਵਿਹਾਰਕ ਤੌਰ 'ਤੇ ਸਦਨ 'ਚ ਲਾਏ ਗਏ ਆਈ ਪੈਡ ਚਲਾ ਕੇ ਵੇਖੇ ਅਤੇ ਨੇਵਾ ਐਪ ਦੀ ਕਾਰਜ ਪ੍ਰਣਾਲੀ ਬਾਰੇ ਜਾਣਿਆ। ਇਸ ਤੋਂ ਪਹਿਲਾਂ ਵਿਵੇਕ ਸ਼ਰਮਾ, ਐਸ.ਆਈ.ਓ. (ਐਨ.ਆਈ.ਸੀ.) ਵੱਲੋਂ ਆਪਣੀ ਟੀਮ ਦੇ ਸਹਿਯੋਗ ਨਾਲ ਇੱਕ ਵਿਸ਼ੇਸ਼ ਪੇਸ਼ਕਾਰੀ ਵਫਦ ਨੂੰ ਦਿੱਤੀ ਗਈ, ਜਿਸ ਵਿੱਚ ਨੈਸ਼ਨਲ ਈ-ਵਿਧਾਨ ਐਪਲੀਕੇਸ਼ਨ ਸਬੰਧੀ ਵਿਸਥਾਰਪੂਰਬਕ ਜਾਣਕਾਰੀ ਸਾਂਝੀ ਕੀਤੀ ਗਈ। ਵਫ਼ਦ ਮੈਂਬਰਾਂ ਵੱਲੋਂ ਨੇਵਾ ਐਪ ਸਬੰਧੀ ਪੁੱਛੇ ਗਏ ਹਰ ਸਵਾਲ ਦਾ ਐਨ.ਆਈ.ਸੀ. ਦੀ ਟੀਮ ਵੱਲੋਂ ਤਸੱਲੀ ਭਰਪੂਰ ਜਵਾਬ ਦਿੱਤਾ ਗਿਆ। ਸਪੀਕਰ ਸੰਧਵਾਂ ਵੱਲੋਂ ਵਫ਼ਦ ਮੈਂਬਰਾਂ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਸਕੱਤਰ ਪੰਜਾਬ ਵਿਧਾਨ ਸਭਾ ਰਾਮ ਲੋਕ ਖਟਾਣਾ ਅਤੇ ਵਿਧਾਨ ਸਭਾ ਦੇ ਸੀਨੀਅਰ ਅਧਿਕਾਰੀ ਹਾਜਰ ਸਨ।

ਪੰਜਾਬ ਪੈਨਸ਼ਨਰਜ਼ ਯੂਨੀਅਨ ਦੀ ਮਹੀਨਾਵਾਰ ਮੀਟਿੰਗ ਹੋਈ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ) ਪੰਜਾਬ ਪੈਨਸ਼ਨਰਜ ਯੂਨੀਅਨ ਨਵਾਂਸ਼ਹਿਰ ਦੀ ਮਹੀਨਾਵਾਰ ਮੀਟਿੰਗ ਦਲਜੀਤ ਸਿੰਘ ਸੁੱਜੋਂ ਪ੍ਰਧਾਨਗੀ ਹੇਠ ਸ਼ਹੀਦ ਮਲਕੀਤ ਚੰਦ ਮੇਹਲੀ ਭਵਨ ਬੰਗਾ ਰੋਡ ਨਵਾਂਸ਼ਹਿਰ ਵਿਖੇ ਕੀਤੀ ਗਈ। ਮੀਟਿੰਗ ਦੀ ਸ਼ੁਰੂਆਤ ਵਿਛੜੇ ਸਾਥੀਆਂ ਪਰਮਜੀਤ ਸਿੰਘ ਸਮਰਾ, ਜਗੀਰ ਸਿੰਘ ਫਿਲੌਰ, ਜਗਤਾਰ ਸਿੰਘ ਸੂੰਢ, ਸ਼ਾਮ ਲਾਲ ਯਾਰਡ ਮਾਸਟਰ ਦੀ ਧਰਮ ਪਤਨੀ ਅਤੇ ਪ੍ਰੇਮ ਕੁਮਾਰ ਕੈਸ਼ੀਅਰ ਦੀ ਸਿਸਟਰ ਇਨ ਲਾਅ ਨੂੰ ਸ਼ਰਧਾਂਜਲੀ ਭੇਂਟ ਕਰਨ ਨਾਲ ਕੀਤੀ ਗਈ। ਇਸ ਤੋਂ ਬਾਅਦ ਪੰਜਾਬ ਪੈਨਸ਼ਨਰਜ ਯੂਨੀਅਨ ਦੇ ਜ਼ਿਲ੍ਹਾ ਜਨਰਲ ਸਕੱਤਰ ਕਾਮਰੇਡ ਮੁਕੰਦ ਲਾਲ ਸਮੇਤ ਵੱਖ ਵੱਖ ਮੈਂਬਰਾਂ ਜਗਤਾਰ ਸਿੰਘ ਸੀਨੀਅਰ ਮੀਤ ਪ੍ਰਧਾਨ, ਬਲਵੀਰ ਸਿੰਘ ਮਹਿਤ ਪੁਰ, ਗੁਰਮੇਲ ਚੰਦ, ਜਸਵਿੰਦਰ ਸਿੰਘ ਭੰਗਲ ਅਤੇ ਦਸੌਂਧਾ ਸਿੰਘ ਨੇ ਆਪਣੀਆਂ ਸਮਸਿਆਵਾਂ ਦੇ ਨਾਲ ਨਾਲ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਪੈਨਸ਼ਨਰਾਂ, ਮੁਲਾਜਮਾਂ ਪ੍ਰਤੀ ਵਤੀਰੇ ਦੀ ਨਿੰਦਾ ਕੀਤੀ। ਕਾਮਰੇਡ ਮੁਕੰਦ ਲਾਲ ਨੇ ਕਿਹਾ ਕਿ ਮੁਲਾਜ਼ਮ ਤੇ ਪੈਨਸ਼ਨਰ ਸਰਕਾਰ ਤੋਂ ਆਪਣੇ ਹੱਕੀ ਬਕਾਏ ਹੀ ਮੰਗ ਰਹੇ ਹਨ। ਜਿਵੇਂ ਕਿ ਡੀ ਏ ਦੀਆਂ ਰਹਿੰਦੀਆਂ ਕਿਸ਼ਤਾਂ ਦੇ ਬਕਾਏ। ਛੇਵੇਂ ਪੇ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਪੈਨਸ਼ਨ ਸੋਧ ਕਰਨੀ, ਮੈਡੀਕਲ ਬਿੱਲਾਂ ਦੇ ਭੁਗਤਾਨ ਆਦਿ। ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ। ਮਾਣਯੋਗ ਸੁਪਰੀਮ ਕੋਰਟ ਨੇ ਆਪਣੇ ਫੈਸਲੇ ਵਿੱਚ ਪੈਨਸ਼ਨ

ਸਬੰਧੀ ਕਿਹਾ ਹੈ ਕਿ ਇਹ ਮੁਲਾਜਮਾਂ ਦਾ ਕਮਾਇਆ ਹੱਕ ਹੈ ਕੋਈ ਖੈਰਾਤ ਨਹੀਂ ਹੈ । ਪਰ ਕਾਰਪੋਰੇਟ ਘਰਾਣਿਆਂ ਪੱਖੀ ਨੀਤੀਆਂ ਦੇ ਹੱਕ ਵਿੱਚ ਇਸ ਹੱਕ ਨੂੰ ਖਤਮ ਕਰ ਦਿੱਤਾ ਗਿਆ ਹੈ। ਇਸ ਦੀ ਬਦੌਲਤ ਵਿਚ ਅੱਜ ਉਹ ਸੱਤਾ ਤੋਂ ਬਾਹਰ ਹਨ ਤੇ ਲੋਕਾਂ ਨੇ ਉਨ੍ਹਾਂ ਦੀ ਥਾਂ ਤੁਹਾਨੂੰ ਸਤਾ ਦਿੱਤੀ ਹੈ ਤਾਂ ਕਿ ਉਨ੍ਹਾਂ ਦੇ ਗਲਤ ਫੈਸਲੇ ਰੱਦ ਕਰ ਕੇ ਲੋਕਾਂ ਦੇ ਹੱਕ ਬਹਾਲ ਕੀਤੇ ਜਾਣ। ਤੁਹਾਡੀ ਸਰਕਾਰ ਬਣੀ ਨੂੰ ਲਗਭੱਗ ਦੋ ਸਾਲ ਬਣੀ ਨੂੰ ਹੋ ਚੱਲੇ ਹਨ, ਮੁਲਾਜਮ ਤੇ ਪੈਨਸਨਰਜ ਨੂੰ ਬਾਰ ਬਾਰ ਗਲਬਾਤ ਲਈ ਬੁਲਾ ਕੇ ਉਹਨਾਂ ਨੂੰ ਟਰਕਾਇਆ ਜਾ ਰਿਹਾ ਹੈ। ਉਹ ਦੋ ਸਾਲ ਤੋਂ ਆਪਣੀ ਆਵਾਜ ਤੁਹਾਡੇ ਤੱਕ ਪਹੁਚਾਉਣ ਲਈ ਲਗਾਤਾਰ ਧਰਨੇ, ਮੁਜਾਹਰੇ ਕਰ ਰਹੇ ਹਨ। ਤੁਹਾਡੀ ਪੁਲਸ ਉਨ੍ਹਾਂ ਨੂੰ ਖਦੇੜਨ ਲਈ ਤਸ਼ੱਦਦ ਕਰ ਰਹੀ ਹੈ। ਤੁਸੀਂ ਚੁੱਪ ਕਰੀ ਬੈਠੇ ਹੋ।

ਦੀਵਾਲੀ ਦੇ ਤਿਉਹਾਰ ਮੌਕੇ ਵੀ ਤੁਹਾਡੇ ਤੋਂ ਬਹੁਤ ਆਸ ਸੀ ਪਰ ਮਾਯੂਸੀ ਹੀ ਪੱਲੇ ਪਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕੇਹਰ ਚੰਦ ਗਰਚਾ, ਉਮਰਾਓ ਸਿੰਘ ਇੰਸਪੈਕਟਰ, ਗੁਰਪਾਲ ਸਿੰਘ, ਅਜਮੇਰ ਸਿੰਘ, ਬਖਸ਼ੀਸ਼ ਸਿੰਘ, ਸੁਖਦੇਵ ਸਿੰਘ ਮਝੂਰ, ਸੇਵਾ ਸਿੰਘ ਮਝੂਰ, ਕਲਿਆਣ ਸਿੰਘ ਇੰਸਪੈਕਟਰ , ਮੇਹਰ ਸਿੰਘ, ਦੇਸ ਰਾਜ, ਰਕੇਸ਼ ਚੰਦਰ ਸਰਮਾ, ਮੋਹਣ ਸਿੰਘ ਰੁੜਕੀ ਖਾਸ, ਪਵਿੱਤਰ ਸਿੰਘ, ਪ੍ਰੇਮ ਸਿੰਘ ਬਘੌਰਾਂ, ਸੋਹਣ ਸਿੰਘ ਸੋਨਾ, ਸੋਹਣ ਸਿੰਘ ਮਹਿਤ ਪੁਰ ,ਅਮਰੀਕ ਸਿੰਘ ਆਦਿ ਹਾਜਰ ਸਨ।

ਮੈਕਸ ਹਸਪਤਾਲ ਨੇ ਖੇਤਰ ਦੀ ਪਹਿਲੀ ਸਫਲਤਾਪੂਰਵਕ ਗਰਭ ਅਵਸਥਾ ਨੂੰ ਸਮਰੱਥ ਬਣਾਇਆ

ਮੋਹਾਲੀ : ਮੈਕਸ ਸੁਪਰ ਸਪੈਸ਼ਲਿਟੀ ਹਸਪਤਾਲ, ਮੋਹਾਲੀ ਨੇ ਪੋਸਟ-ਰੋਬੋਟਿਕ ਗਰੱਭਾਸਯ ਫਾਈਬਰੋਇਡ ਹਟਾਉਣ ਅਤੇ ਬੱਚੇਦਾਨੀ ਦੇ ਪੁਨਰ ਨਿਰਮਾਣ ਦੀ ਸਰਜਰੀ ਤੋਂ ਬਾਅਦ ਖੇਤਰ ਦੀ ਪਹਿਲੀ ਸਫਲਤਾਪੂਰਵਕ ਗਰਭ ਅਵਸਥਾ ਨੂੰ ਸਮਰੱਥ ਬਣਾਇਆ ਹੈ। ਇਸ ਖੇਤਰ ਵਿੱਚ ਇਹ ਪਹਿਲੀ ਸਫਲ ਗਰਭ-ਅਵਸਥਾ ਤੋਂ ਪੋਸਟ-ਰੋਬੋਟਿਕ ਮਾਈਓਮੇਕਟੋਮੀ (ਗਰੱਭਾਸਯ ਫਾਈਬਰੋਇਡ ਹਟਾਉਣ) ਅਤੇ ਰੋਬੋਟਿਕ ਗਰੱਭਾਸਯ ਪੁਨਰ ਨਿਰਮਾਣ ਸਰਜਰੀ ਹੈ, ਜਿਸ ਵਿੱਚ ਪੰਜਾਬ, ਹਰਿਆਣਾ, ਅਤੇ ਐਨਸੀਆਰ ਦੇ ਉੱਤਰੀ ਹਿੱਸੇ ਸ਼ਾਮਲ ਹਨ। ਇਸ ਸਰਜਰੀ ਦੀ ਅਗਵਾਈ ਡਾ. ਸੀਮਾ ਵਾਧਵਾ, ਡਾਇਰੈਕਟਰ, ਪ੍ਰਸੂਤੀ ਅਤੇ ਗਾਇਨੀਕੋਲੋਜੀ ਅਤੇ ਰੋਬੋਟਿਕ ਸਰਜਰੀ, ਮੈਕਸ ਹਸਪਤਾਲ, ਮੋਹਾਲੀ ਨੇ ਇੱਕ ਦਾ ਵਿੰਚੀ ਰੋਬੋਟ ਦੀ ਮਦਦ ਨਾਲ ਕੀਤੀ, ਜੋ ਇੱਕ ਨਵੇਂ-ਯੁੱਗ ਦੇ ਰੋਬੋਟਿਕ-ਸਹਾਇਤਾ ਵਾਲੀ ਸਰਜਰੀ ਪ੍ਰਣਾਲੀ ਹੈ। ਇਸ ਕੇਸ ਦੀ ਸਫਲਤਾ ਨੂੰ ਉਜਾਗਰ ਕਰਦੇ ਹੋਏ, ਡਾ. ਸੀਮਾ ਵਾਧਵਾ, ਡਾਇਰੈਕਟਰ, ਪ੍ਰਸੂਤੀ ਅਤੇ ਗਾਇਨੀਕੋਲੋਜੀ ਅਤੇ ਰੋਬੋਟਿਕ ਸਰਜਰੀ, ਮੈਕਸ ਹਸਪਤਾਲ, ਮੋਹਾਲੀ ਨੇ ਕਿਹਾ, "ਇਸ ਸਾਰੀ ਪ੍ਰਕਿਰਿਆ ਦੌਰਾਨ, ਸਾਨੂੰ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।"

ਗੁਰਪੁਰਬ ਨੂੰ ਸਮਰਪਿਤ ਪਹਿਲਾ ਗੁਰਮਤਿ ਸਮਾਗਮ 27 ਨੂੰ

ਫਿਲੌਰ, (ਨਿਰਮਲ) ਫਿਲੌਰ ਦੇ ਇਤਹਾਸਕ ਗੁਰਦੁਆਰਾ ਬਾਉਲੀ ਸਾਹਿਬ ਵਿਖੇ ਧੰਨ ਧੰਨ ਬਾਬਾ ਦੀਪ ਸਿੰਘ ਜੀ ਸੇਵਾ ਸਿਮਰਨ ਸੁਸਾਇਟੀ ਫਿਲੌਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪਹਿਲਾ ਗੁਰਮਤਿ ਸਮਾਗਮ 27 ਨਵੰਬਰ ਦਿਨ ਸੋਮਵਾਰ ਨੂੰ ਬੜੀ ਸ਼ਰਧਾ ਅਤੇ ਉਤਸਾਹ ਨਾਲ ਕਰਵਾਇਆ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਬੰਧਕਾ ਨੇ ਦੱਸਿਆ ਕਿ ਗੁਰਮਤਿ ਸਮਾਗਮ ਸਵੇਰੇ 9 ਵਜੇ ਤੋਂ 2 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਜਿਸ ਦੌਰਾਨ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਭਾਈ ਮਨਪ੍ਰੀਤ ਸਿੰਘ, ਭਾਈ ਅਮਰਪ੍ਰੀਤ ਸਿੰਘ, ਭਾਈ ਗੁਰਜੰਟ ਸਿੰਘ, ਭਾਈ ਕਾਰਜ ਸਿੰਘ ਅਤੇ ਇਸਤਰੀ ਸਤਿਸੰਗ ਸਭਾ ਫਿਲੌਰ ਸੰਗਤਾਂ ਨੂੰ ਕਥਾ ਕੀਰਤਨ ਨਾਲ ਨਿਹਾਲ ਕਰਨਗੇ। ਇਸ ਸਮਾਗਮ 'ਚ ਵਿਸ਼ੇਸ਼ ਸਹਿਯੋਗ ਧੰਨ ਧੰਨ ਬਾਬਾ ਬੁੱਢਾ ਸੇਵਾ ਸਿਮਰਨ ਸੁਸਾਇਟੀ ਲੁਧਿਆਣਾ, ਪ੍ਰਬੰਧਕ ਕਮੇਟੀ ਗੁਰਦੁਆਰਾ ਬਾਉਲੀ ਸਾਹਿਬ, ਇਸਤਰੀ ਸਤਿਸੰਗ ਸਭਾ ਫਿਲੌਰ, ਮੀਰੀ ਪੀਰੀ ਸੇਵਕ ਸਭਾ ਫਿਲੌਰ, ਭਾਈ ਘਨੂਈਆ ਜੀ ਸੇਵਕ ਜਥਾ ਫਿਲੌਰ ਅਤੇ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਫਿਲੌਰ ਹੋਵੇਗਾ। ਇਸ ਮੌਕੇ ਗੁਰੂ ਦਾ ਅਤੂੱਟ ਲੰਗਰ ਵਰਤਾਇਆ ਜਾਵੇਗਾ।

ਬਾਬਾ ਉੱਤਮ ਸ਼ਾਹ ਦੀ 21ਵੀਂ ਬਰਸੀ 27 ਨੂੰ

ਨੂਰਮਹਿਲ, (ਬਾਲ ਕ੍ਰਿਸ਼ਨ ਬਾਲੀ) ਇਥੋਂ ਦਾ ਪਿੰਡ ਉਮਰਪੁਰੀ ਵਿਖੇ ਬਾਬਾ ਉੱਤਮ ਸ਼ਾਹ ਦੀ 21ਵੀਂ ਸਾਲਾਨਾ ਬਰਸੀ ਬੜੀ ਸ਼ਰਧਾ ਪੂਰਵਕ ਮਨਾਈ ਜਾ ਰਹੀ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਗੱਦੀ ਨਸ਼ੀਨ ਮੇਜਰ ਲਾਲ ਬਾਲੂ ਨੇ ਦੱਸਿਆ ਕਿ 26 ਨਵੰਬਰ ਦਿਨ ਐਤਵਾਰ ਨੂੰ ਸੰਗਤਾਂ ਦੀ ਹਾਜ਼ਰੀ ਵਿੱਚ ਨੂਰਮਹਿਲ ਤੋਂ ਚਾਦਰ ਲਿਆਂਦੀ ਜਾਵੇਗੀ। ਉਪਰੰਤ ਚਿਰਾਗ ਰੌਸ਼ਨ ਕੀਤੇ ਜਾਣਗੇ। 27 ਨਵੰਬਰ ਦਿਨ ਸੋਮਵਾਰ ਨੂੰ ਪੰਜਾਬ ਦੇ ਪ੍ਰਸਿੱਧ ਕਲਾਕਾਰ ਮਾਹਸਾ

ਅਲੀ, ਬਲਵਿੰਦਰ ਬਿੰਦਾ, ਧਰਮਵੀਰ ਪਰਦੇਸੀ, ਭਾਰਤੀ ਸ਼ਰਮਾ, ਸਿਮਰਨ ਸਿੰਮੀ, ਕਮਲ ਕਟਾਨੀਆ, ਲਖਵਿੰਦਰ ਲੱਖਾ, ਦੀਪ ਸ਼ਿੰਦਾ ਆਦ ਆਪਣਾ ਪ੍ਰੋਗਰਾਮ ਪੇਸ਼ ਕਰਨਗੇ। ਰਾਤ ਨੂੰ ਧਰਮਵੀਰ ਪਰਦੇਸੀ ਧਾਰਮਿਕ ਡਰਾਮਾ ਪੇਸ਼ ਕਰਨਗੇ। ਇਸ ਮੇਲੇ ਵਿੱਚ ਪੰਜਾਬ ਦੇ ਵੱਖ ਵੱਖ ਡੇਰਿਆਂ ਤੋਂ ਸੰਤ ਮਹਾਂਪੁਰਸ ਤਸਰੀਫ ਫੁਰਮੌਣਗੇ। ਇਸ ਮੌਕੇ ਮਸਤਾਂ ਦਾ ਲੰਗਰ ਅਤੂੱਟ ਵਰਤੇਗਾ।

ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸਜਾਇਆ

ਫਿਲੌਰ, (ਨਿਰਮਲ, ਬੀ ਐੱਸ ਕੈਨੇਡੀ) ਫਿਲੌਰ ਦੇ ਗੁਰਦੁਆਰਾ ਤਖਤਗੜ੍ਹ ਸਾਹਿਬ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਨਗਰ ਕੀਰਤਨ ਸਜਾਇਆ ਗਿਆ। ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਗੁਰਦੁਆਰਾ ਤਖਤਗੜ੍ਹ ਸਾਹਿਬ ਤੋਂ ਅਰਦਾਸ ਉਪਰੰਤ ਆਰੰਭ ਹੋਇਆ। ਨਗਰ ਕੀਰਤਨ ਦੌਰਾਨ ਵੱਡੀ ਗਿਣਤੀ 'ਚ ਸੰਗਤਾਂ ਵੱਲੋਂ ਗੁਰੂ ਦੀ ਮਹਿਮਾ ਦਾ ਗੁਣਗਾਨ ਕੀਤਾ ਗਿਆ। ਇਸ ਮੌਕੇ ਹਲਕਾ ਇੰਚਾਰਜ ਪ੍ਰਿੰਸੀਪਲ ਪ੍ਰੇਮ ਕੁਮਾਰ, ਸਾਬਕਾ ਵਿਧਾਇਕ ਬਲਦੇਵ ਖਹਿਰਾ, ਬੀਬੀ ਕਰਮਜੀਤ ਕੌਰ ਪਤਨੀ ਸੰਤੋਖ ਸਿੰਘ ਚੌਧਰੀ ਅਤੇ ਹਰਜਿੰਦਰ ਸਿੰਘ ਲੱਲ੍ਹੀਆ ਵੱਲੋਂ ਸੰਗਤਾਂ ਨੂੰ ਇਸ ਦਿਨ ਦੀ ਲੱਖ ਲੱਖ ਵਧਾਈ ਦਿੱਤੀ। ਨਗਰ ਕੀਰਤਨ ਦ

24-NOV-PAGE-10.qxd 11/23/2023 10:53 PM Page 1

ਟੈਕਸੀ ਡਰਾਈਵਰਾਂ ਵੱਲੋਂ ਰੁਜ਼ਗਾਰ ਬਚਾਉਣ ਲਈ ਐੱਸ ਐੱਸ ਪੀ ਦਫਤਰ ਅੱਗੇ ਧਰਨਾ

ਮੋਗਾ (ਅਮਰਜੀਤ ਬੱਬਰੀ)

ਮੋਗਾ ਟੈਕਸੀ ਏਕਤਾ ਐਸੋਸੀਏਸ਼ਨ ਦੇ ਚੇਅਰਮੈਨ ਅਮਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਰੁਜ਼ਗਾਰ 'ਤੇ ਲੱਤ ਮਾਰਨ ਲਈ ਜਗਰਾਵਾਂ, ਰਾਏਕੋਟ ਤੇ ਲੁਧਿਆਣਾ ਦੇ ਟੈਕਸੀ ਚਾਲਕ (ਪਿੰਕ ਐਂਡ ਡਰੌਪ) ਘੱਟ ਰੇਟ 'ਤੇ ਸਵਾਰੀਆਂ ਚੁੱਕ ਰਹੇ ਹਨ, ਜਿਸ ਨਾਲ ਮੋਗੇ ਵਿੱਚ ਕੰਮ ਕਰਦੇ ਟੈਕਸੀ ਚਾਲਕਾਂ ਨੂੰ ਬਹੁਤ ਘਾਟਾ ਪੈ ਰਿਹਾ ਹੈ ਤੇ ਉਨ੍ਹਾਂ ਦਾ ਰੁਜ਼ਗਾਰ ਖਤਰੇ ਮੂੰਹ ਆਇਆ ਹੋਇਆ ਹੈ ਜਗਦੇਵ ਸਿੰਘ ਜਨਰਲ ਸਕੱਤਰ ਨੇ ਦੱਸਿਆ ਕਿ ਮੋਗੇ ਦੇ ਡਰਾਈਵਰਾਂ ਨੇ 'ਮੋਗਾ ਟੈਕਸੀ ਏਕਤਾ ਐਸੋਸੀਏਸ਼ਨ' ਬਣਾ ਕੇ ਰੁਜ਼ਗਾਰ ਬਚਾਉਣ ਲਈ ਸੰਘਰਸ਼ ਕਰਨ ਦਾ ਫੈਸਲਾ ਕੀਤਾ ਹੈ।ਮੋਗਾ ਜ਼ਿਲ੍ਹੇ ਦੇ ਟੈਕਸੀ ਚਾਲਕਾਂ ਨੇ ਅੱਜ ਐੱਸ ਐੱਸ ਪੀ ਮੋਗਾ ਦੇ ਦਫਤਰ ਅੱਗੇ ਸ਼ਾਂਤਮਈ ਰੂਪ ਵਿੱਚ ਧਰਨਾ ਦਿੱਤਾ। ਇਸ ਧਰਨੇ ਦੀ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਨੇ ਹਮਾਇਤ ਕਰਦਿਆਂ ਧਰਨੇ 'ਚ ਹਾਜ਼ਰੀ ਲਵਾਈ।ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਜ਼ਿਲ੍ਹਾ ਪ੍ਰਧਾਨ ਲਾਭ ਸਿੰਘ ਰੋਡੇ ਨੇ ਕਿਹਾ ਕਿ ਖੇਤੀ ਧੰਦੇ ਦੇ ਵਿੱਚੋਂ ਜਦੋਂ ਫਾਇਦਾ ਨਾ ਹੋਇਆ ਤਾਂ ਇਨ੍ਹਾਂ ਨੇ ਸਹਾਇਕ ਧੰਦੇ ਦੇ ਤੌਰ 'ਤੇ ਟੈਕਸੀਆਂ ਪਾਈਆਂ ਹਨ।ਇਨ੍ਹਾਂ ਗਰੀਬ ਟੈਕਸੀ ਮਾਲਕਾਂ ਨੇ ਫਾਈਨੈਂਸ ਕੰਪਨੀਆਂ ਤੋਂ ਲੋਨ ਲੈ ਕੇ ਟੈਕਸੀਆਂ ਪਾਈਆਂ ਹੋਈਆਂ ਹਨ, ਜੇ ਜ਼ਿਲ੍ਹੇ ਤੋਂ ਬਾਹਰਲੇ ਟੈਕਸੀ ਚਾਲਕ ਇਨ੍ਹਾਂ ਦੀਆਂ ਸਵਾਰੀਆਂ ਚੁੱਕਣਗੇ ਤਾਂ ਇਨ੍ਹਾਂ ਦਾ ਰੁਜ਼ਗਾਰ ਖਤਮ ਹੋ ਜਾਵੇਗਾ ਤੇ ਉਹ ਲੋਨ ਦੀਆਂ ਕਿਸ਼ਤਾਂ ਕਿਵੇਂ ਮੋੜਨਗੇ? ਐੱਸ ਐੱਸ ਦਫਤਰ ਅੱਗੇ ਚਾਰ ਘੰਟੇ ਧਰਨਾ ਦੇਣ ਤੋਂ ਬਾਅਦ ਐੱਸ ਐੱਸ ਪੀ ਸਾਹਿਬ ਨੂੰ ਮਿਲਿਆ ਗਿਆ ਤੇ ਮੰਗ ਪੱਤਰ ਸੌਂਪਿਆ।ਉਨ੍ਹਾਂ ਮੰਗ ਕੀਤੀ ਕਿ ਬਾਹਰਲੇ ਟੈਕਸੀ ਚਾਲਕ, ਜੋ ਮੋਗੇ 'ਚੋਂ ਆ ਕੇ ਸਵਾਰੀਆਂ ਚੁੱਕਦੇ ਹਨ, ਉਨ੍ਹਾਂ ਨੂੰ ਰੋਕਣ ਲਈ ਪੁਲਸ ਦੀ ਡਿਊਟੀ ਲਾਈ ਜਾਵੇ।ਪੁਲਸ ਉਨ੍ਹਾਂ ਨੂੰ ਸਵਾਰੀਆਂ ਚੁੱਕਣ ਤੋਂ ਰੋਕੇ ਤਾਂ ਜੋ ਗਰੀਬ ਟੈਕਸੀ ਵਾਲਿਆਂ ਦੇ ਰੁਜ਼ਗਾਰ ਨੂੰ ਬਚਾਇਆ ਜਾਵੇ।ਜਸਵਿੰਦਰ ਸਿੰਘ ਪ੍ਰਧਾਨ ਨੇ ਸਾਰੇ ਡਰਾਈਵਰਾਂ ਨੂੰ ਸੱਦਾ ਦਿੱਤਾ ਕਿ ਉਹ 'ਮੋਗਾ ਟੈਕਸੀ ਏਕਤਾ ਐਸੋਸੀਏਸ਼ਨ' ਦੇ ਮੈਂਬਰ ਬਣਨ।

ਬਿਜਲੀ ਕਾਮਿਆਂ ਵੱਲੋਂ 5 ਨੂੰ ਹੜਤਾਲ ਦਾ ਐਲਾਨ

ਪਟਿਆਲਾ : ਪੀ.ਐਸ.ਈ.ਬੀ. ਇੰਪਲਾਈਜ਼ ਜੁਆਇੰਟ ਫੋਰਮ ਵਿੱਚ ਸ਼ਾਮਿਲ ਬਿਜਲੀ ਮੁਲਾਜ਼ਮਾਂ ਦੀਆ ਪ੍ਰਮੁੱਖ ਜਥੇਬੰਦੀਆਂ ਟੈਕਨੀਕਲ ਸਰਵਿਸਜ਼ ਯੂਨੀਅਨ, ਪੀ.ਐਸ.ਈ.ਬੀ. ਇੰਪਲਾਈਜ਼ ਫੈਡਰੇਸ਼ਨ ਰਜਿ: ਇੰਪਲਾਈਜ਼ ਫੈਡਰੇਸ਼ਨ ਪੀ.ਐਸ.ਈ.ਬੀ. (ਸੁਰਿੰਦਰ ਸਿੰਘ ਪਹਿਲਵਾਨ), ਪੰਜਾਬ ਰਾਜ ਬਿਜਲੀ ਬੋਰਡ ਕਰਮਚਾਰੀ ਦਲ, ਇੰਪਲਾਈਜ਼ ਫੈਡਰੇਸ਼ਨ (ਫਲਜੀਤ ਸਿੰਘ) ਮਨਿਸਟੀਰੀਅਲ ਸਰਵਿਸਜ਼ ਯੂਨੀਅਨ, ਥਰਮਲਜ਼ ਇੰਪਲਾਈਜ਼ ਕੋਆਰਡੀਨੇਸ਼ਨ ਕਮੇਟੀ, ਹੈਡ ਆਫਿਸ ਇੰਪਲਾਈਜ਼ ਫੈਡਰੇਸ਼ਨ ਅਤੇ ਸਬ ਸਟੇਸ਼ਨ ਵੈਲਫੇਅਰ ਐਸੋਸੀਏਸ਼ਨ ਦੇ ਬਿਜਲੀ ਕਾਮਿਆਂ ਵੱਲੋਂ ਪੀ ਐੱਸ ਈ ਬੀ ਇੰਪਲਾਇਜ਼ ਜੁਆਇੰਟ ਫੋਰਮ ਦੇ ਸੱਦੇ 'ਤੇ ਪੰਜਾਬ ਵਿੱਚ 5 ਦਸੰਬਰ ਨੂੰ ਇਕ ਰੋਜ਼ਾ ਮੁਕੰਮਲ ਹੜਤਾਲ ਕੀਤੀ ਜਾਵੇਗੀ। ਇਨ੍ਹਾਂ ਜਥੇਬੰਦੀਆਂ ਦੇ ਸੂਬਾਈ ਆਗੂਆਂ ਸਰਬ ਸਾਥੀ ਕਰਮਚੰਦ ਭਾਰਦਵਾਜ, ਰਤਨ ਸਿੰਘ ਮਜਾਰੀ, ਬਲਦੇਵ ਸਿੰਘ ਮੰਢਾਲੀ, ਰਵੇਲ ਸਿੰਘ ਸਹਾਏਪੁਰ, ਕੌਰ ਸਿੰਘ ਸੋਹੀ, ਹਰਪਾਲ ਸਿੰਘ, ਜਗਜੀਤ ਸਿੰਘ ਕੋਟਲੀ, ਅਵਤਾਰ ਸਿੰਘ ਕੋਂਥ, ਸਿਕੰਦਰ ਨਾਥ, ਕੁਲਵਿੰਦਰ ਸਿੰਘ ਢਿੱਲੋਂ, ਜਗਜੀਤ ਸਿੰਘ ਕੰਡਾ, ਸੁਖਵਿੰਦਰ ਸਿੰਘ ਚਾਹਲ, ਜਰਨੈਲ ਸਿੰਘ ਔਲਖ, ਲੱਖਵਿੰਦਰ ਸਿੰਘ, ਬਲਜਿੰਦਰ ਸ਼ਰਮਾ ਆਦਿ ਨੇ ਦੱਸਿਆ ਕਿ ਪੰਜਾਬ ਸਰਕਾਰ ਅਤੇ ਪਾਵਰ ਮੈਨੇਜਮੈਂਟ ਮੁਲਾਜਮ ਜਥੇਬੰਦੀਆਂ ਨਾਲ ਕੀਤੀਆਂ ਮੀਟਿੰਗਾਂ ਸਮੇਂ ਹੋਈਆਂ ਸਹਿਮਤੀਆਂ ਅਤੇ ਮੰਨੀਆਂ ਮੰਗਾਂ ਲਾਗੂ ਕਰਨ ਤੋਂ ਲਗਾਤਾਰ ਟਾਲਮਟੋਲ ਕਰ ਰਹੀਆਂ ਹਨ। ਜੁਆਇੰਟ ਫੋਰਮ ਦੇ ਆਗੂਆਂ ਨੇ ਦੱਸਿਆ ਕਿ ਜੇਕਰ 7 ਨਵੰਬਰ ਨੂੰ ਬਿਜਲੀ ਨਿਗਮ ਦੀ ਮੈਨੇਜਮੈਂਟ ਨਾਲ ਹੋਈ ਮੀਟਿੰਗ ਵਿੱਚ ਬਣੀਆਂ ਸਹਿਮਤੀਆਂ ਨੂੰ ਤੁਰੰਤ ਲਾਗੂ ਨਾ ਕੀਤਾ ਗਿਆ ਤਾਂ ਹੜਤਾਲ ਉਪਰੰਤ ਹੋਰ ਵੀ ਤਿੱਖਾ ਸੰਘਰਸ਼ ਪ੍ਰੋਗਰਾਮ ਲਾਗੂ ਕੀਤਾ ਜਾਵੇਗਾ।

ਮੁੱਖ ਮੰਤਰੀ ਭਗਵੰਤ ਮਾਨ ਦੇ ਜਨਮ ਮੌਕੇ ਖੂਨਦਾਨ ਕੈਂਪ

ਧੂਰੀ (ਸੁਖਦੇਵ ਧੂਰੀ)-ਧੂਰੀ ਹਲਕੇ ਦੀ ਪ੍ਰਸਿੱਧ ਸਮਾਜ ਸੇਵੀ ਸੰਸਥਾ ਆਸਰਾ ਫਾਊਂਡੇਸ਼ਨ ਰਜਿ: ਧੂਰੀ ਵੱਲੋਂ ਓ.ਐੱਸ.ਏ ਅਤੇ ਐੱਚ.ਡੀ.ਐੱਫ.ਸੀ ਬੈਂਕ ਦੇ ਸਹਿਯੋਗ ਨਾਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਜਨਮ ਦਿਨ ਨੂੰ ਸਮਰਪਿਤ ਦੇਸ਼ ਭਗਤ ਕਾਲਜ ਬਰੜਵਾਲ ਵਿਖੇ ਵਿਸ਼ਾਲ ਖੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਖੂਨਦਾਨ ਕੈਂਪ ਦਾ ਉਦਘਾਟਨ ਡਾ. ਗੁਰਪ੍ਰੀਤ ਕੌਰ ਮਾਨ ਧਰਮ ਪਤਨੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਰੀਬਨ ਕੱਟ ਕੇ ਕੀਤਾ। ਇਸ ਖੂਨਦਾਨ ਕੈਂਪ ਵਿੱਚ ਵੱਡੀ ਗਿਣਤੀ ਵਿੱਚ ਨੌਜਵਾਨਾਂ ਨੇ ਖੂਨਦਾਨ ਕੀਤਾ ਅਤੇ ਸਰਕਾਰੀ ਬਲੱਡ ਬੈਂਕ ਮਾਲੇਰਕੋਟਲਾ ਦੀ ਟੀਮ ਨੇ ਖੂਨਦਾਨੀਆਂ ਦਾ ਖੂਨ ਇਕੱਤਰ ਕੀਤਾ। ਇਸ ਮੌਕੇ ਮੁੱਖ ਮਹਿਮਾਨ ਵਜੋਂ ਪਹੁੰਚੇ ਡਾ. ਗੁਰਪ੍ਰੀਤ ਕੌਰ ਮਾਨ ਅਤੇ ਪ੍ਰੋ. ਓਂਕਾਰ ਸਿੰਘ ਸਿੱਧੂ ਓ.ਐੱਸ.ਡੀ ਮੁੱਖ ਮੰਤਰੀ ਪੰਜਾਬ ਨੇ ਆਸਰਾ ਫਾਊਂਡੇਸ਼ਨ ਦੇ ਇਸ ਉਦਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਖੂਨਦਾਨ ਸਭ ਤੋਂ ਵੱਡਾ ਦਾਨ ਹੈ ਅਤੇ ਉਨ੍ਹਾਂ ਆਸਰਾ ਫਾਊਂਡੇਸ਼ਨ ਰਜਿ: ਧੂਰੀ ਵੱਲੋਂ ਹਲਕੇ ਵਿੱਚ ਕੀਤੇ ਜਾ ਰਹੇ ਸਮਾਜ ਸੇਵੀ ਕੰਮਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਆਸਰਾ ਫਾਊਂਡੇਸ਼ਨ ਰਜਿ: ਧੂਰੀ ਵੱਲੋਂ ਪਹੁੰਚੇ ਹੋਏ ਮਹਿਮਾਨਾਂ ਅਤੇ ਖੂਨਦਾਨੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਪ੍ਰੋ. ਓਂਕਾਰ ਸਿੰਘ ਸਿੱਧੂ ਓ.ਐੱਸ.ਡੀ ਮੁੱਖ ਮੰਤਰੀ ਪੰਜਾਬ, ਅੰਮ੍ਰਿਤ ਬਰਾੜ ਇੰਚਾਰਜ ਮੁੱਖ ਮੰਤਰੀ ਕੈਂਪਸ, ਕਾਲਜ ਦੇ ਪ੍ਰਿੰਸੀਪਲ ਡਾ. ਬਲਵੀਰ ਸਿੰਘ, ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਬਰੜਵਾਲ ਦੇ ਪ੍ਰਿੰਸੀਪਲ ਕੈਪਟਨ ਰੋਹਿਤ ਦ੍ਰਿਵੇਦੀ, ਟਰੱਸਟ ਦੇ ਸਕੱਤਰ ਬਲਵੰਤ ਸਿੰਘ ਮੀਮਸਾ, ਟਰੱਸਟੀ ਮੈਂਬਰ ਗੁਨਿੰਦਰਜੀਤ ਸਿੰਘ ਮਿੱਕੂ ਜਵੰਧਾ ਚੇਅਰਮੈਨ, ਟਰੱਸਟੀ ਮੈਂਬਰ ਜਤਿੰਦਰ ਸਿੰਘ ਸੋਨੀ ਮੰਡੇਰ, ਟਰੱਸਟੀ ਮੈਂਬਰ ਪ੍ਰਦੀਪ ਕੁਮਾਰ ਸਿੰਗਲਾ ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਮਾਰਕਿਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ, ਆਮ ਆਦਮੀ ਪਾਰਟੀ ਦੇ ਆਗੂ ਡਾ. ਅਨਵਰ ਭਸੌੜ, ਆਪ ਆਗੂ ਸਤਿੰਦਰ ਸਿੰਘ ਚੱਠਾ, ਰਛਪਾਲ ਸਿੰਘ ਭੁੱਲਰ ਮੈਂਬਰ ਬਲਾਕ ਸੰਮਤੀ, ਓ.ਐੱਸ.ਏ ਦੇ ਆਗੂ ਪ੍ਰੋ. ਮਨਜੀਤ ਸਿੰਘ, ਪ੍ਰੋ. ਤਰਨਜੀਤ ਕੌਰ ਤੋਂ ਇਲਾਵਾ ਆਸਰਾ ਫਾਊਂਡੇਸ਼ਨ ਦੇ ਆਗੂ ਬਲਜਿੰਦਰ ਸਿੰਘ ਢਿੱਲੋਂ, ਵਰਿੰਦਰ ਸਿੰਘ ਸੱਦੋਪੁਰ, ਦੀਪਕ ਵਸ਼ਿਸ਼ਟ, ਅਨਵਰ ਬਾਗੜੀਆਂ, ਮਾਸਟਰ ਜਗਰੂਪ ਸਿੰਘ ਧਾਂਦਰਾ, ਗਗਨ ਟਿੱਬਾ, ਹਰਵਿੰਦਰ ਸਿੰਘ ਫੀਟਾ ਅਤੇ ਹੋਰ ਵੀ ਹਾਜ਼ਰ ਸਨ।

ਨਹਿਰ 'ਚੋਂ ਮਿਲੀਆਂ 2 ਨੌਜਵਾਨਾਂ ਦੀਆਂ ਲਾਸ਼ਾਂ, 1 ਦੀ ਭਾਲ ਜਾਰੀ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫ਼ਿਰੋਜ਼ਪੁਰ-ਫ਼ਰੀਦਕੋਟ ਰੋਡ 'ਤੇ ਡੀ ਪੀ ਐਸ ਸਕੂਲ ਨਹਿਰ ਨੇੜਿਓਂ ਲਾਪਤਾ ਹੋਏ ਫ਼ਰੀਦਕੋਟ ਦੇ ਪਿੰਡ ਝਾੜੀਵਾਲਾ ਦੇ ਤਿੰਨ ਭਰਾਵਾਂ ਵਿੱਚੋਂ ਦੋ ਦੀਆਂ ਲਾਸ਼ਾਂ ਨਹਿਰ ਵਿੱਚੋਂ ਬਰਾਮਦ ਹੋਈਆਂ ਹਨ। ਤੀਜੇ ਦੀ ਭਾਲ ਜਾਰੀ ਹੈ।ਦੋਵਾਂ ਦੀ ਪਛਾਣ ਆਕਾਸ਼ਦੀਪ ਅਤੇ ਅਨਮੋਲਦੀਪ ਵਜੋਂ ਹੋਈ ਹੈ, ਜਦਕਿ ਉਨ੍ਹਾਂ ਦੇ ਚਚੇਰੇ ਭਰਾ ਅਰਸ਼ਦੀਪ ਦੀ ਭਾਲ ਜਾਰੀ ਹੈ। ਜ਼ਿਕਰਯੋਗ ਹੈ ਕਿ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਝਾੜੀਵਾਲਾ ਤੋਂ ਵਿਆਹ ਲਈ ਕੱਪੜੇ ਖਰੀਦਣ ਆਏ ਦੋ ਭਰਾ ਅਤੇ ਉਨ੍ਹਾਂ ਦਾ ਇੱਕ ਰਿਸ਼ਤੇਦਾਰ ਸਥਾਨਕ ਡੀ ਪੀ ਐਸ ਸਕੂਲ ਦੀ ਨਹਿਰ ਨੇੜਿਓਂ ਸ਼ੱਕੀ ਹਾਲਾਤ ਵਿੱਚ ਲਾਪਤਾ ਹੋ ਗਿਆ ਸੀ ਅਤੇ ਉਸ ਦਾ ਨੁਕਸਾਨਿਆ ਮੋਟਰਸਾਈਕਲ ਨਹਿਰ ਦੇ ਪੁਲ ਨੇੜਿਓਂ ਬਰਾਮਦ ਕਰ ਲਿਆ। ਫ਼ਿਰੋਜ਼ਪੁਰ ਜ਼ਿਲ੍ਹੇ ਦੇ ਥਾਣਾ ਕੁਲਗੜ੍ਹੀ ਦੀ ਪੁਲਸ ਪਿਛਲੇ ਚਾਰ ਦਿਨਾਂ ਤੋਂ ਉਸ ਦੀ ਭਾਲ ਕਰ ਰਹੀ ਹੈ ਅਤੇ ਵੱਖ-ਵੱਖ ਥਿਊਰੀਆਂ 'ਤੇ ਕੰਮ ਕਰ ਰਹੀ ਹੈ। ਇਸ ਸਬੰਧੀ ਇਹ ਵੀ ਚਰਚਾ ਹੈ ਕਿ ਇਹ ਹਾਦਸਾ ਹੈ ਜਾਂ ਕਿਸੇ ਦੀ ਸਾਜ਼ਿਸ਼, ਤਿੰਨਾਂ ਨੂੰ ਨਹਿਰ ਵਿੱਚ ਸੁੱਟ ਦਿੱਤਾ ਗਿਆ ਹੈ।ਫਿਲਹਾਲ ਦੋਵਾਂ ਭਰਾਵਾਂ ਦੀਆਂ ਲਾਸ਼ਾਂ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਭੇਜ ਦਿੱਤਾ ਗਿਆ ਹੈ।18 ਨਵੰਬਰ ਨੂੰ ਫਰੀਦਕੋਟ ਦੇ ਪਿੰਡ ਝਾੜੀਵਾਲਾ ਦਾ ਰਹਿਣ ਵਾਲਾ ਅਕਾਸ਼ਦੀਪ ਸਿੰਘ, ਅਨਮੋਲਦੀਪ ਸਿੰਘ ਪੁੱਤਰ ਝਿਰਮਲ ਸਿੰਘ ਅਤੇ ਅਰਸ਼ਦੀਪ ਸਿੰਘ ਪੁੱਤਰ ਨਿਰਮਲ ਸਿੰਘ ਮੋਟਰਸਾਈਕਲ 'ਤੇ ਸਵਾਰ ਹੋ ਕੇ ਵਾਪਸ ਆਪਣੇ ਪਿੰਡ ਆ ਰਹੇ ਸਨ। ਰੁਕਨਾਬੇਗੂ ਕੋਲੋਂ ਲੰਘਦੀ ਨਹਿਰ ਕੋਲ ਅਚਾਨਕ ਤਿੰਨੋਂ ਲਾਪਤਾ ਹੋ ਗਏ। ਉਨ੍ਹਾਂ ਦਾ ਮੋਟਰਸਾਈਕਲ ਨਹਿਰ ਦੇ ਪੁਲ ਕੋਲ ਮਿਲਿਆ, ਜਿਸ ਕਾਰਨ ਇਹ ਮੰਨਿਆ ਜਾ ਰਿਹਾ ਹੈ ਕਿ ਉਨ੍ਹਾਂ ਦਾ ਹਾਦਸਾ ਹੋਇਆ ਹੈ।

ਕਾਤਰਾਂ

ਡੀ ਸੀ ਦਫਤਰਾਂ ਅੱਗੇ ਰੋਸ ਰੈਲੀਆਂ ਅੱਜ

ਮੋਗਾ (ਅਮਰਜੀਤ ਬੱਬਰੀ)-ਪੰਜਾਬ ਸਟੇਟ ਮਨਿਸਟਰੀਅਲ ਸਰਵਿਸ ਯੂਨੀਅਨ ਦੇ ਜ਼ਿਲ੍ਹਾ ਮੋਗਾ ਪ੍ਰਧਾਨ ਗੁਰਬਚਨ ਸਿੰਘ ਕੰਗ ਨੇ ਦੱਸਿਆ ਕਿ 8 ਨਵੰਬਰ ਤੋਂ ਚੱਲ ਰਹੀ ਕਲਮ ਛੋੜ/ਕੰਪਿਊਟਰ ਬੰਦ/ਆਨਲਾਈਨ ਹੜਤਾਲ ਵਿਚ 28 ਨਵੰਬਰ ਤੱਕ ਵਾਧਾ ਕੀਤਾ ਗਿਆ ਹੈ। ਇਸ ਦਰਮਿਆਨ ਸਮੂਹ ਮੁਲਾਜ਼ਮ ਆਪਣੇ ਦਫ਼ਤਰਾਂ ਦੇ ਬਾਹਰ ਦਰੀਆਂ 'ਤੇ ਬੈਠਣਗੇ। ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਜ਼ਿਲਾ ਪ੍ਰਧਾਨ ਗੁਰਬਚਨ ਸਿੰਘ ਕੰਗ ਨੇ ਦੱਸਿਆ ਕਿ ਜਥੇਬੰਦੀ ਵੱਲੋਂ ਇਹ ਵੀ ਫੈਸਲਾ ਕੀਤਾ ਗਿਆ ਹੈ ਕਿ 24 ਨਵੰਬਰ ਨੂੰ ਪੰਜਾਬ ਭਰ ਦੇ ਸਮੂਹ ਡੀ ਸੀ ਦਫਤਰਾਂ ਦੇ ਸਾਹਮਣੇ ਭਰਾਤਰੀ ਜਥੇਬੰਦੀਆਂ ਨੂੰ ਨਾਲ ਲੈ ਕੇ ਜ਼ਿਲ੍ਹਾ ਪੱਧਰੀ ਵਿਸ਼ਾਲ ਰੋਸ ਰੈਲੀਆ ਕਰਕੇ ਬਜ਼ਾਰਾਂ ਵਿੱਚ ਰੋਸ ਮਾਰਚ ਕਰਨ ਉਪਰੰਤ ਪੰਜਾਬ ਦਾ ਸਰਕਾਰ ਦਾ ਪੁਤਲਾ ਫੂਕਿਆ ਜਾਵੇਗਾ।ਜੇਕਰ ਫਿਰ ਵੀ ਸਰਕਾਰ ਨੇ ਮੰਗਾਂ ਨਾ ਮੰਨੀਆਂ ਤਾਂ 28 ਨਵੰਬਰ ਨੂੰ ਮੀਟਿੰਗ ਕਰਕੇ ਅਗਲੇ ਤਿੱਖੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ ਤੇ ਸੜਕਾਂ ਤੇ ਉਤਰਨ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾਵੇਗਾ। ਇਸ ਮੌਕੇ ਸੁਪਰਡੈਂਟ ਜਗਸੀਰ ਸਿੰਘ ਖਾਰਾ, ਛਤਰਪਲ ਸਿੰਘ ਜਨਮ ਤੇ ਮੌਤ ਬ੍ਰਾਂਚ, ਜਸਵਿੰਦਰ ਸਿੰਘ, ਵਿਕਾਸ ਕੁਮਾਰ, ਤੇਜਿੰਦਰ ਸਿੰਘ, ਰਮਨ ਕੁਮਾਰ, ਚਰਨ ਕੌਰ, ਲਖਵੀਰ ਕੌਰ ਹਾਜ਼ਰ ਸਨ।

ਜ਼ਮੀਨ 'ਚੋਂ ਰੇਤਾ ਕਢਵਾਉਣ ਦੇ ਚਾਹਵਾਨ 30 ਤੱਕ ਦੇਣ ਅਰਜ਼ੀ : ਚੌਧਰੀ

ਫਾਜ਼ਿਲਕਾ (ਨਿਸ਼ਾ ਸ਼ਰਮਾ)-ਫਾਜ਼ਿਲਕਾ ਜ਼ਿਲ੍ਹੇ ਦੇ ਜੋ ਲੋਕ ਆਪਣੀ ਮਾਲਕੀ ਵਾਲੀ ਜ਼ਮੀਨ ਵਿੱਚੋਂ ਰੇਤੇ ਦੀ ਮਾਇਨਿੰਗ ਕਰਵਾਉਣਾ ਚਾਹੁੰਦੇ ਹਨ, ਉਹ ਆਪਣੀ ਪ੍ਰਤੀਬੇਨਤੀ ਦਫਤਰ ਕਾਰਜਕਾਰੀ ਇੰਜਨੀਅਰ ਫਾਜ਼ਿਲਕਾ, ਜਲ ਨਿਕਾਸ-ਕਮ-ਮਾਇਨਿੰਗ ਤੇ ਜਿਆਲੋਜੀ ਮੰਡਲ, ਜਲ ਸ੍ਰੋਤ ਵਿਭਾਗ, ਪੰਜਾਬ ਦੇ ਦਫਤਰ ਕਮਰਾ ਨੰਬਰ 402, ਤੀਜੀ ਮੰਜ਼ਲ, ਸੀ ਬਲਾਕ, ਡੀ ਸੀ ਕੰਪਲੈਕਸ ਫਾਜ਼ਿਲਕਾ ਵਿਖੇ 30 ਨਵੰਬਰ 2023 ਸਮੇਤ ਰਿਕਾਰਡ ਜਮ੍ਹਾਂ ਕਰਵਾ ਸਕਦੇ ਹਨ, ਤਾਂ ਜੋ ਇਸ ਨੂੰ ਜ਼ਿਲ੍ਹੇ ਦੀ ਸਰਵੇ ਰਿਪੋਰਟ ਵਿੱਚ ਸ਼ਾਮਲ ਕੀਤਾ ਜਾ ਸਕੇ। ਇਹ ਜਾਣਕਾਰੀ ਵਿਭਾਗ ਦੇ ਕਾਰਜਕਾਰੀ ਇੰਜਨੀਅਰ ਅਲੋਕ ਚੌਧਰੀ ਨੇ ਦਿੱਤੀ ਹੈ। ਇਸ ਸਬੰਧੀ ਹੋਰ ਜਾਣਕਾਰੀ ਲਈ ਫੋਨ ਨੰਬਰ 842-7163640 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

ਦਾਰਾ ਸਿੰਘ ਛਿੰਝ ਉਲੰਪਿਕ ਮਨਾਉਣ ਸੰਬੰਧੀ ਰਾਜ ਪੱਧਰੀ ਪ੍ਰੋਗਰਾਮ ਪਹਿਲੀ ਤੋਂ

ਬਰਨਾਲਾ (ਰਾਜਿੰਦਰ ਬਰਾੜ)-ਪੰਜਾਬ ਸਰਕਾਰ ਵੱਲੋਂ ਖੇਡਾਂ ਨੂੰ ਪ੍ਰਫੁਲੱਤ ਕਰਨ ਲਈ ਯਤਨ ਕੀਤੇ ਜਾ ਰਹੇ ਹਨ। ਜਿਸ ਤਹਿਤ ਡਾਇਰੈਕਟਰ ਸੱਭਿਆਚਾਰਕ ਮਾਮਲੇ, ਪੰਜਾਬ ਸਰਕਾਰ ਵੱਲੋਂ 1 ਦਸੰਬਰ ਤੋਂ 3 ਦਸੰਬਰ ਤੱਕ ਜ਼ਿਲ੍ਹਾ ਤਰਨ ਤਾਰਨ ਵਿਖੇ ਦਾਰਾ ਸਿੰਘ ਛਿੰਝ ਉਲੰਪਿਕ ਮਨਾਉਣ ਸਬੰਧੀ ਰਾਜ ਪੱਧਰੀ ਪ੍ਰੋਗਰਾਮ ਆਯੋਜਿਤ ਕਰਵਾਇਆ ਜਾ ਰਿਹਾ ਹੈ । ਜਾਣਕਾਰੀ ਦਿੰਦਿਆਂ ਜ਼ਿਲ੍ਹਾ ਖੇਡ ਅਫ਼ਸਰ, ਬਰਨਾਲਾ ਉਮੇਸ਼ਵਰੀ ਸ਼ਰਮਾ ਨੇ ਦੱਸਿਆ ਕਿ ਦਾਰਾ ਸਿੰਘ ਛਿੰਝ ਉਲੰਪਿਕ ਰਾਜ ਪੱਧਰੀ ਪ੍ਰੋਗਰਾਮ ਵਿੱਚ ਸਮੁੱਚੇ ਪੰਜਾਬ ਦੇ ਵੱਖ-ਵੱਖ ਭਾਰ ਵਰਗ (60 ਕਿਲੋ, 70 ਕਿਲੋ, 80 ਕਿਲੋ ਅਤੇ 80 ਕਿੱਲੋ ਤੋਂ ਵੱਧ) ਦੇ ਪਹਿਲਵਾਨ ਖਿਡਾਰੀ/ ਖਿਡਾਰਨਾਂ ਜਿਨ੍ਹਾਂ ਦੀ ਉਮਰ 18 ਸਾਲ ਅਤੇ ਜਨਮ ਮਿਤੀ 24 ਨਵੰਬਰ 2005 ਤੋਂ ਬਾਅਦ ਨਹੀਂ ਹੋਣੀ ਚਾਹੀਦੀ ਹੈ ਵੱਲੋਂ ਭਾਗ ਲਿਆ ਜਾ ਸਕਦਾ ਹੈ। ਜਿਸ ਸਬੰਧੀ ਖੇਡ ਵਿਭਾਗ ਬਰਨਾਲਾ ਵੱਲੋਂ ਖਿਡਾਰੀ/ ਖਿਡਾਰਨਾਂ ਦੇ ਮਿਤੀ 24 ਨਵੰਬਰ

24-Nov-PAGE-11-Majha-2023.qxd 11/23/2023 10:59 PM Page 1

ਈ ਟੀ ਓ ਨੇ 33 ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਵੰਡੇ ਨਿਯੁਕਤੀ ਪੱਤਰ

ਅੰਮ੍ਰਿਤਸਰ, (ਨਰਿੰਦਰਜੀਤ)- ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ੁਰੂਆਤੀ ਸਾਲ ਵਿਚ ਹੀ ਸੂਬੇ ਅੰਦਰ 37 ਹਜ਼ਾਰ ਤੋਂ ਵੱਧ ਬੇਰੁਜ਼ਗਾਰ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ ਅਤੇ ਹਜ਼ਾਰਾਂ ਕਰਮਚਾਰੀ ਪੱਕੇ ਕਰ ਦਿੱਤੇ ਹਨ। ਭਵਿੱਖ ਵਿਚ ਨੌਜਵਾਨਾਂ ਨੂੰ ਨੌਕਰੀਆਂ ਦੇ ਵੱਡੇ ਮੌਕੇ ਮਿਲਣਗੇ ਜਿਸ ਨਾਲ ਪੰਜਾਬ ਦੇ ਨੌਜਵਾਨ ਆਪਣੇ ਰਾਜ ਵਿਚ ਰਹਿ ਕੇ ਕਮਾਈ ਕਰ ਸਕਣ ਦੇ ਯੋਗ ਬਣਨਗੇ। ਇਨਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਿਨਟ ਮੰਤਰੀ ਹਰਭਜਨ ਸਿੰਘ ਈ ਟੀ ਓ ਨੇ 33 ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਨੂੰ ਨਿਯੁਕਤੀ ਪੱਤਰ ਵੰਡਣ ਮੌਕੇ ਕੀਤਾ।

ਉਨ੍ਹਾਂ ਨੇ ਕਿਹਾ ਕਿ ਤੁਹਾਡੇ ਦੁਆਰਾ ਚੁਣੀ ਗਈ ਆਪ ਦੀ ਸਰਕਾਰ ਨੇ ਜੋ ਵੀ ਨੌਕਰੀਆਂ ਦਿੱਤੀਆਂ ਹਨ ਜਾਂ ਦਿੱਤੀਆਂ ਜਾ ਰਹੀਆਂ ਹਨ, ਨਿਰੋਲ ਮੈਰਿਟ ਦੇ ਅਧਾਰ 'ਤੇ ਚੋਣ ਕੀਤੀ ਗਈ ਹੈ। ਕਿਸੇ ਦੀ ਕੋਈ ਸਿਫਰਾਸ਼ ਜਾਂ ਪੈਸੇ ਨਹੀਂ ਵੇਖਿਆ ਜਾ ਰਿਹਾ, ਬਲਕਿ ਉਸ ਦੀ ਯੋਗਤਾ ਵੇਖ ਕੇ ਉਸ ਅਨੁਸਾਰ ਉਮੀਦਵਾਰ ਦੀ ਚੋਣ ਹੋ ਰਹੀ ਹੈ।

ਉਨਾਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸਿੱਖਿਆ ਦੇ ਖੇਤਰ ਵਿੱਚ ਕ੍ਰਾਂਤੀਕਾਰੀ ਕਦਮ ਚੁੱਕੇ ਹਨ ਅਤੇ ਆਉਣ ਵਾਲੇ ਸਮੇਂ ਵਿਚ ਸਾਡਾ ਸੂਬਾ ਸਿਹਤ, ਸਿੱਖਿਆ ਅਤੇ ਵਿਕਾਸ ਪੱਖੋਂ ਅੱਵਲ ਨੰਬਰ ਉਤੇ ਹੋਵੇਗਾ। ਇਸ ਮੌਕੇ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਕੁਲਦੀਪ ਕੌਰ, ਸੀ ਡੀ ਪੀ ਓ ਤਰਸਿੱਕਾ, ਨਰੇਸ਼ ਪਾਠਕ, ਬਲਰਾਜ ਸਿੰਘ ਅਤੇ ਵੱਡੀ ਗਿਣਤੀ 'ਚ ਇਲਾਕਾ ਵਾਸੀ ਹਾਜ਼ਰ ਸਨ।

15 ਹਜ਼ਾਰ ਰੁਪਏ ਰਿਸ਼ਵਤ ਲੈਂਦਾ ਬੀ ਡੀ ਪੀ ਓ ਰੰਗੇ ਹੱਥੀਂ ਕਾਬੂ

ਗੁਰਦਾਸਪੁਰ, (ਦਿਨੇਸ਼ ਕੁਮਾਰ)- ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਸੂਬੇ 'ਚੋਂ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਲਈ ਵਿੱਢੀ ਮੁਹਿੰਮ ਤਹਿਤ ਅੱਜ ਜ਼ਿਲ੍ਹਾ ਗੁਰਦਾਸਪੁਰ ਦੇ ਬਟਾਲਾ ਵਿਖੇ ਤਾਇਨਾਤ ਬਲਾਕ ਵਿਕਾਸ ਤੇ ਪੰਚਾਇਤ ਅਫਸਰ (ਬੀ.ਡੀ.ਪੀ.ਓ.) ਵਿਪਨ ਕੁਮਾਰ ਸ਼ਰਮਾ ਨੂੰ 15,000 ਰੁਪਏ ਦੀ ਰਿਸ਼ਵਤ ਰੰਗੇ ਹੱਥੀਂ ਕਾਬੂ ਲੈਂਦਿਆਂ ਗ੍ਰਿਫ਼ਤਾਰ ਕਰਕੇ ਇੱਕ ਹੋਰ ਸਫ਼ਲਤਾ ਹਾਸਲ ਕੀਤੀ। ਸੂਬਾ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਬੀ.ਡੀ.ਪੀ.ਓ. ਦੀ ਗ੍ਰਿਫ਼ਤਾਰੀ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਸੇਖਵਾਂ ਦੇ ਵਾਸੀ ਹੈਪੀ ਗਿੱਲ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਉਪਰੰਤ ਕੀਤੀ ਗਈ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਨਾਲ ਸੰਪਰਕ ਕਰਕੇ ਦੋਸ਼ ਲਗਾਇਆ ਕਿ ਉਸ ਦੀ ਪਤਨੀ ਪਿੰਡ ਸੇਖਵਾਂ ਦੀ ਸਰਪੰਚ ਹੈ ਅਤੇ ਮੁਲਜ਼ਮ ਬੀ.ਡੀ.ਪੀ.ਓ. ਨੇ ਪਿੰਡ ਦੇ ਵਿਕਾਸ ਕਾਰਜਾਂ ਵਿੱਚ ਵਰਤੇ ਗਏ ਸੀਮਿੰਟ ਦੀ ਖ਼ਰੀਦ ਦੇ 1,33,000 ਰੁਪਏ ਦੇ ਬਿੱਲ ਕਲੀਅਰ ਕਰਨ ਬਦਲੇ 40,000 ਰੁਪਏ ਰਿਸ਼ਵਤ ਦੀ ਮੰਗ ਕੀਤੀ ਸੀ। ਸ਼ਿਕਾਇਤਕਰਤਾ ਨੇ ਅੱਗੇ ਦੱਸਿਆ ਕਿ ਸੌਦਾ 30,000 ਰੁਪਏ ਵਿੱਚ ਤੈਅ ਹੋਇਆ ਤੇ ਬੀ ਡੀ ਪੀ ਓ ਨੇ 20 ਨਵੰਬਰ ਨੂੰ 15,000 ਰੁਪਏ ਲੈ ਲਏ ਅਤੇ ਬਕਾਇਆ ਰਕਮ ਦੀ ਮੰਗ ਕਰ ਰਿਹਾ ਹੈ। ਬੁਲਾਰੇ ਨੇ ਅੱਗੇ ਦੱਸਿਆ ਕਿ ਇਹ ਸ਼ਿਕਾਇਤ ਮਿਲਣ 'ਤੇ ਵਿਜੀਲੈਂਸ ਬਿਊਰੋ ਰੇਂਜ ਅੰਮ੍ਰਿਤਸਰ ਨੇ ਮੁਢਲੀ ਜਾਂਚ ਕਰਨ ਉਪਰੰਤ ਜਾਲ ਵਿਛਾਇਆ ਅਤੇ ਬੀ ਡੀ ਪੀ ਓ ਵਿਪਨ ਕੁਮਾਰ ਸ਼ਰਮਾ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 15,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਇਸ ਸਬੰਧੀ ਵਿਜੀਲੈਂਸ ਬਿਊਰੋ ਥਾਣਾ ਅੰਮ੍ਰਿਤਸਰ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਐਕਟ ਦੀ ਧਾਰਾ 7 ਅਧੀਨ 22 ਨਵੰਬਰ ਨੂੰ ਮੁਕੱਦਮਾ ਦਰਜ ਕੀਤਾ ਗਿਆ। ਉਨ੍ਹਾਂ ਕਿਹਾ ਕਿ ਮੁਲਜ਼ਮਾਂ ਨੂੰ ਭਲਕੇ ਮਾਣਯੋਗ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

ਜ਼ਿਲ੍ਹਾ ਗੁਰਦਾਸਪੁਰ 'ਚ 27 ਤੋਂ ਸ਼ੁਰੂ ਹੋਵੇਗੀ ਵਿਕਸਤ ਭਾਰਤ ਸੰਕਲਪ ਯਾਤਰਾ

ਗੁਰਦਾਸਪੁਰ, (ਦਿਨੇਸ਼ ਕੁਮਾਰ) - ਭਾਰਤ ਸਰਕਾਰ ਦੀਆਂ ਲੋਕ ਭਲਾਈ ਯੋਜਨਾਵਾਂ ਦਾ ਲਾਭ ਹੇਠਲੇ ਪੱਧਰ ਤੱਕ ਪੁੱਜਦਾ ਕਰਨ ਲਈ ਕੇਂਦਰ ਸਰਕਾਰ ਵਲੋਂ ਜ਼ਿਲ੍ਹਾ ਗੁਰਦਾਸਪੁਰ ਵਿੱਚ 27 ਨਵੰਬਰ ਤੋਂ "ਵਿਕਸਤ ਭਾਰਤ ਸੰਕਲਪ ਯਾਤਰਾ" ਦੀ ਸ਼ੁਰੂਆਤ ਕੀਤੀ ਜਾ ਰਹੀ ਹੈ। ਇਹ ਯਾਤਰਾ ਜ਼ਿਲ੍ਹੇ ਵਿੱਚ 15 ਜਨਵਰੀ 2024 ਤੱਕ ਚੱਲੇਗੀ। ਇਸ ਯਾਤਰਾ ਦੀਆਂ ਤਿਆਰੀਆਂ ਸਬੰਧੀ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵੱਲੋਂ ਦੂਸਰੇ ਸਹਾਇਕ ਵਿਭਾਗਾਂ ਨਾਲ ਅੱਜ ਸਥਾਨਕ ਪੰਚਾਇਤ ਭਵਨ ਵਿਖੇ ਮੀਟਿੰਗ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਸਤੀਸ਼ ਕੁਮਾਰ ਨੇ ਦੱਸਿਆ ਕਿ 27 ਨਵੰਬਰ ਤੋਂ ਸ਼ੁਰੂ ਹੋ ਰਹੀ ਵਿਕਸਤ ਭਾਰਤ ਯਾਤਰਾ ਤਹਿਤ 10 ਪ੍ਰਚਾਰ ਵੈਨਾਂ ਜ਼ਿਲ੍ਹੇ ਵਿੱਚ ਚੱਲਣਗੀਆਂ ਅਤੇ ਹਰ ਵੈਨ ਇੱਕ ਦਿਨ ਵਿੱਚ ਦੋ ਪਿੰਡ ਕਵਰ ਕਰੇਗੀ।

ਉਨ੍ਹਾਂ ਕਿਹਾ ਕਿ 15 ਜਨਵਰੀ ਤੱਕ ਬਿਨ੍ਹਾਂ ਨਾਗਾ ਪਾਏ ਇਹ ਵੈਨਾਂ ਰੋਜ਼ ਪਿੰਡਾਂ ਵਿੱਚ ਜਾਣਗੀਆਂ। ਉਨ੍ਹਾਂ ਕਿਹਾ ਕਿ ਪਿੰਡਾਂ ਵਿਚ ਜਾਗਰੂਕਤਾ ਵੈਨਾਂ ਨੂੰ ਭੇਜ ਕੇ ਕੈਂਪ ਲਗਾਏ ਜਾਣਗੇ ਜਿਸ ਦੀ ਜਾਣਕਾਰੀ ਸਬੰਧਤ ਪਿੰਡਾਂ ਨੂੰ ਦਿੱਤੀ ਜਾਵੇਗੀ ਅਤੇ ਮੌਕੇ ਉਤੇ ਹੀ ਜਿਨ੍ਹਾਂ ਯੋਗ ਲਾਭਪਾਤਰੀਆਂ ਨੂੰ ਯੋਜਨਾਵਾਂ ਤੇ ਪ੍ਰੋਗਰਾਮਾਂ ਦੇ ਲਾਭ ਦਿੱਤੇ ਜਾਣਗੇ। ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚ ਕਰਨ ਲਈ ਇਨ੍ਹਾਂ ਕੈਂਪਾਂ ਵਿੱਚ ਸੱਭਿਆਚਾਰਕ ਪ੍ਰੋਗਰਾਮ, ਨਾਟਕ ਅਤੇ ਕੁਇਜ਼ ਮੁਕਾਬਲੇ ਵੀ ਕਰਵਾਏ ਜਾਣਗੇ। ਡੀ.ਡੀ.ਪੀ.ਓ. ਸਤੀਸ਼ ਕੁਮਾਰ ਨੇ ਸਮੂਹ ਬੀ.ਡੀ.ਪੀ.ਓਜ਼ ਨੂੰ ਹਦਾਇਤ ਕੀਤੀ ਕਿ ਉਨ੍ਹਾਂ ਦੇ ਅਧੀਨ ਆਉਂਦੇ ਪਿੰਡਾਂ ਵਿੱਚ ਉਕਤ ਜਾਗਰੂਕਤਾ ਵੈਨ ਦੇ ਪਹੁੰਚਣ ਸਮੇਂ ਚਲਾਏ ਜਾਣ ਵਾਲੇ ਸਮਾਗਮ ਦੀ ਤਿਆਰੀ ਪਹਿਲਾਂ ਤੋਂ ਹੀ ਕੀਤੀ ਜਾਵੇ, ਇਸ ਸਬੰਧੀ ਢੁੱਕਵੀਂ ਥਾਂ ਦੀ ਸ਼ਨਾਖਤ ਕਰਕੇ ਸਟੇਜ ਅਤੇ ਹੋਰ ਪ੍ਰਬੰਧ ਮੁਕੰਮਲ ਕਰ ਲਏ ਜਾਣ ਅਤੇ ਪਿੰਡਾਂ ਦੇ ਲੋਕਾਂ ਨੂੰ ਪਹਿਲਾਂ ਤੋਂ ਹੀ ਇਸ ਸਬੰਧੀ ਮੁਨਾਦੀ ਕਰਾ ਕੇ ਦੱਸਿਆ ਜਾਵੇ ਤਾਂ ਜੋ ਪਿੰਡਾਂ ਦੇ ਵੱਧ ਤੋਂ ਵੱਧ ਲੋਕ ਇਸ ਸਮਾਗਮ ਵਿੱਚ ਹਿੱਸਾ ਲੈ ਸਰਕਾਰ ਦੀਆਂ ਭਲਾਈ ਸਕੀਮਾਂ ਸਬੰਧੀ ਜਾਗੂਰਕ ਹੋਣ ਅਤੇ ਸਰਕਾਰ ਦੀਆਂ ਭਲਾਈ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਉਠਾ ਸਕਣ। ਇਸ ਮੌਕੇ ਜ਼ਿਲ੍ਹਾ ਪ੍ਰੀਸ਼ਦ ਦੇ ਕਾਰਜਕਾਰੀ ਅਧਿਕਾਰੀ ਜਿੰਦਰਪਾਲ ਸਿੰਘ, ਜ਼ਿਲ੍ਹਾ ਮਾਲ ਅਫ਼ਸਰ ਲਕਸ਼ੈ ਕੁਮਾਰ, ਜ਼ਿਲ੍ਹਾ ਸੂਚਨਾ ਅਫ਼ਸਰ ਸ੍ਰੀ ਸੋਨੀ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਸੁਮਨਦੀਪ ਕੌਰ, ਜ਼ਿਲ੍ਹਾ ਯੂਥ ਕੋਆਰਡੀਨੇਟਰ ਸੰਦੀਪ ਕੌਰ, ਪੰਚਾਇਤ ਵਿਭਾਗ ਤੋਂ ਅਮਰਪਾਲ ਸਿੰਘ, ਸਮੂਹ ਬੀ.ਡੀ.ਪੀ.ਓਜ਼ ਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

ਡਾਈਕਿਨ ਨੇ ਆਂਧਰਾ ਪ੍ਰਦੇਸ਼ ਦੇ ਸ਼੍ਰੀ ਸਿਟੀ 'ਚ ਆਪਣੀ ਤੀਜੀ ਇੰਟੀਗ੍ਰੇਟੇਡ ਉਤਪਾਦਨ ਇਕਾਈ ਕੀਤੀ ਸ਼ੁਰੂ

ਚੰਡੀਗੜ੍ਹ : ਆਪਣੀ ਵਿਕਾਸ ਯਾਤਰਾ ਨੂੰ ਮਜ਼ਬੂਤ ਕਰਦੇ ਹੋਏ, ਡਾਈਕਿਨ ਏਅਰ-ਕੰਡੀਸ਼ਨਿੰਗ ਇੰਡੀਆ ਪ੍ਰਾਈਵੇਟ ਲਿ. ਲਿਮਿਟੇਡ, ਡਾਈਕਿਨ ਇੰਡਸਟਰੀਜ਼ ਲਿਮਟਿਡ, ਜਾਪਾਨ ਦੀ ਪੂਰੀ ਮਲਕੀਅਤ ਵਾਲੀ ਸਹਾਇਕ ਕੰਪਨੀ ਨੇ ਅੱਜ ਸ੍ਰੀ ਸਿਟੀ, ਆਂਧਰਾ ਪ੍ਰਦੇਸ਼ ਵਿਖੇ ਆਪਣੀ ਏਕੀਕ੍ਰਿਤ ਏਅਰ-ਕੰਡੀਸ਼ਨਿੰਗ ਅਤੇ ਕੰਪ੍ਰੈਸ਼ਰ ਨਿਰਮਾਣ ਸਹੂਲਤ ਦੇ ਵਪਾਰੀਕਰਨ ਦਾ ਐਲਾਨ ਕੀਤਾ। ਸ੍ਰੀ ਮਸਾਨੋਰੀ ਟੋਗਾਵਾ, ਪ੍ਰੈਜ਼ੀਡੈਂਟ ਅਤੇ ਸੀ ਈ ਓ, ਡਾਈਕਿਨ ਇੰਡਸਟਰੀਜ਼ ਲਿਮਟਿਡ, ਜਾਪਾਨ, ਸ੍ਰੀ ਯਾਸੂਸੀ ਯਾਮਾਦਾ, ਸੀਨੀਅਰ ਕਾਰਜਕਾਰੀ ਅਧਿਕਾਰੀ, ਡੀ ਆਈ ਐਲ, ਜਾਪਾਨ ਨਿਵਰੂਤੀ ਰਾਏ, ਮੈਨੇਜਿੰਗ ਡਾਇਰੈਕਟਰ ਅਤੇ ਸੀਈਓ, ਇਨਵੈਸਟ ਇੰਡੀਆ ਅਤੇ ਸ੍ਰੀ ਸੁਜਾਨ ਚਿਨੋਏ, ਡਾਇਰੈਕਟਰ ਜਨਰਲ ਐਮ.ਪੀ.- ਆਈ ਡੀ ਐਸ ਏ ਅਤੇ ਜਾਪਾਨ ਦੇ ਸਾਬਕਾ ਭਾਰਤੀ ਰਾਜਦੂਤ ਨੇ ਡਾਈਕਿਨ ਇੰਡੀਆ ਦੇ ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ ਸ੍ਰੀ ਕੰਵਲਜੀਤ ਜਾਵਾ ਦੀ ਮੌਜੂਦਗੀ ਵਿੱਚ ਇਸ ਸੁਵਿਧਾ ਦਾ ਉਦਘਾਟਨ ਕੀਤਾ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਏ ਯੂ ਸਮਾਲ ਫਾਇਨਾਂਸ ਬੈਂਕ ਵੱਲੋਂ ਚਾਰ ਬੈਟਰੀ ਵਾਹਨ ਭੇਟ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਣ ਪੁੱਜਦੀਆਂ ਸੰਗਤਾਂ ਦੀ ਸਹੂਲਤ ਲਈ ਏ ਯੂ ਸਮਾਲ ਫਾਇਨਾਂਸ ਬੈਂਕ ਨੇ ਚਾਰ ਬੈਟਰੀ ਵਾਹਨ ਭੇਟ ਕੀਤੇ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਏ ਯੂ ਸਮਾਲ ਫਾਇਨਾਂਸ ਬੈਂਕ ਦੇ ਗਰੁੱਪ ਹੈੱਡ ਰਿਸ਼ੀ ਧਾਰੀਵਾਲ ਨੇ ਵਾਹਨਾਂ ਦੀਆਂ ਚਾਬੀਆਂ ਸੌਂਪੀਆਂ। ਇਸ ਮੌਕੇ ਧਾਮੀ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਰੋਜ਼ਾਨਾ ਵੱਡੀ ਗਿਣਤੀ ਵਿਚ ਸੰਗਤਾਂ ਨਤਮਸਤਕ ਹੋਣ ਪੁੱਜਦੀਆਂ ਹਨ। ਸੰਗਤਾਂ ਲਈ ਸਹੂਲਤ ਲਈ ਵੱਖ-ਵੱਖ ਕੰਪਨੀਆਂ ਵੱਲੋਂ ਵਾਹਨ ਭੇਟ ਕਰਕੇ ਗੁਰੂ ਘਰ ਪ੍ਰਤੀ ਸ਼ਰਧਾ ਪ੍ਰਗਟਾਈ ਜਾਂਦੀ ਹੈ।

ਅੱਜ ਏ ਯੂ ਸਮਾਲ ਫਾਇਨਾਂਸ ਬੈਂਕ ਵੱਲੋਂ ਚਾਰ ਬੈਟਰੀ ਵਾਹਨ ਭੇਟ ਕੀਤੇ ਗਏ ਹਨ, ਜੋ ਬਜ਼ੁਰਗਾਂ, ਬੱਚਿਆਂ ਅਤੇ ਲੋੜਵੰਦਾਂ ਦੀ ਸਹੂਲਤ ਲਈ ਵਰਤੇ ਜਾਣਗੇ। ਉਨ੍ਹਾਂ ਕਿਹਾ ਕਿ ਬੈਂਕ ਵੱਲੋਂ ਸ੍ਰੀ ਗੁਰੂ ਅਰਜਨ ਦੇਵ ਨਿਵਾਸ ਦੇ ਸਾਹਮਣੇ ਇਨ੍ਹਾਂ ਵਾਹਨਾਂ ਨੂੰ ਚਾਰਜ ਕਰਨ ਲਈ ਸਥਾਨ ਦੇ ਨਾਲ-ਨਾਲ ਸੰਗਤ ਦੇ ਬੈਠਣ ਦਾ ਵੀ ਪ੍ਰਬੰਧ ਕੀਤਾ ਹੈ। ਐਡਵੋਕੇਟ ਧਾਮੀ ਨੇ ਏ ਯੂ ਸਮਾਲ ਫਾਈਨੈਂਸ ਬੈਂਕ ਵੱਲੋਂ ਕੀਤੀ ਸੇਵਾ ਦੀ ਸ਼ਲਾਘਾ ਕੀਤੀ। ਬੈਂਕ ਹੈੱਡ ਰਿਸ਼ੀ ਧਾਰੀਵਾਲ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਇਕ ਅਜਿਹਾ ਅਧਿਆਤਮਕ ਕੇਂਦਰ ਹੈ, ਜਿਥੇ ਦੁਨੀਆ ਭਰ ਤੋਂ ਲੱਖਾਂ ਲੋਕ ਦਰਸ਼ਨ ਕਰਨ ਪਹੁੰਚਦੇ ਹਨ। ਉਨ੍ਹਾਂ ਕਿਹਾ ਕਿ ਬੈਂਕ ਵੱਲੋਂ ਵਾਹਨ ਭੇਟ ਕਰਨ ਦਾ ਮਕਸਦ ਬੱਚੇ ਅਤੇ ਬਜ਼ੁਰਗ ਸੰਗਤ ਨੂੰ ਬੇਹਤਰ ਸੁਵਿਧਾ ਦੇਣਾ ਹੈ, ਤਾਂ ਜੋ ਉਨ੍ਹਾਂ ਨੂੰ ਦਰਸ਼ਨ ਕਰਨ ਸਮੇਂ ਕੋਈ ਮੁਸ਼ਕਲ ਨਾ ਆਵੇ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਬੈਂਕ ਅਧਿਕਾਰੀਆਂ ਨੂੰ ਸਨਮਾਨਤ ਵੀ ਕੀਤਾ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ, ਮੈਂਬਰ ਭਾਈ ਮਨਜੀਤ ਸਿੰਘ ਭੂਰਾਕੋਹਨਾ, ਹਰਜਾਪ ਸਿੰਘ ਸੁਲਤਾਨਵਿੰਡ, ਅਵਤਾਰ ਸਿੰਘ ਵਣਵਾਲਾ, ਹਰਪਾਲ ਸਿੰਘ ਜੱਲਾ, ਸੁਖਹਰਪ੍ਰੀਤ ਸਿੰਘ ਰੋਡੇ, ਬੀਬੀ ਗੁਰਿੰਦਰ ਕੌਰ ਭੋਲੂਵਾਲਾ, ਸਕੱਤਰ ਪ੍ਰਤਾਪ ਸਿੰਘ, ਓ ਐਸ ਡੀ ਸਤਬੀਰ ਸਿੰਘ ਧਾਮੀ ਮੌਜੂਦ ਸਨ।

ਡਿਪਟੀ ਕਮਿਸ਼ਨਰ ਵੱਲੋਂ ਦਵਾਈ ਵਿਕਰੇਤਾਵਾਂ ਨੂੰ ਸੀ ਸੀ ਟੀ ਵੀ ਕੈਮਰੇ ਲਗਾਉਣ ਦੀ ਹਦਾਇਤ

ਅੰਮ੍ਰਿਤਸਰ (ਨਰਿੰਦਰਜੀਤ)- ਡਿਪਟੀ ਕਮਿਸ਼ਨਰ ਘਨਸ਼ਾਮ ਥੋਰੀ ਨੇ ਅੰਮ੍ਰਿਤਸਰ ਜ਼ਿਲ੍ਹੇ 'ਚ ਕੰਮ ਕਰ ਰਹੇ ਸਾਰੇ ਦਵਾਈ ਵਿਕਰੇਤਾਵਾਂ ਨੂੰ ਹਦਾਇਤ ਕਰਦੇ ਕਿਹਾ ਹੈ ਕਿ ਉਹ ਆਪਣੀਆਂ ਦੁਕਾਨਾਂ ਦੇ ਬਾਹਰ ਅਤੇ ਅੰਦਰ ਸੀ ਸੀ ਟੀ ਵੀ ਕੈਮਰੇ ਲਗਾਉਣੇ ਯਕੀਨੀ ਬਣਾਉਣ। ਥੋਰੀ ਨੇ ਜਾਰੀ ਕੀਤੇ ਹੁਕਮਾਂ ਵਿਚ ਸਪੱਸ਼ਟ ਕੀਤਾ ਕਿ ਜੋ ਵੀ ਦਵਾਈ ਵਿਕਰੇਤਾ ਡਰੱਗ ਐਂਡ ਕਾਸਮੈਟਿਕ ਐਕਟ 1940 ਦੇ ਨਿਯਮ 65 (5) ਅਤੇ (9) ਅਧੀਨ ਐਕਸ ਤੇ ਐਚ ਸ਼੍ਰੇਣੀ ਦੀ ਦਵਾਈਆਂ ਵੇਚ ਰਿਹਾ ਹੈ, ਉਹ ਹਰ ਹਾਲਤ ਇਕ ਮਹੀਨੇ ਦੇ ਅੰਦਰ ਅੰਦਰ ਇਹ ਕੈਮਰੇ ਲਗਾਉਣੇ ਯਕੀਨੀ ਬਣਾਵੇ।

ਉਨਾਂ ਜ਼ਿਲ੍ਹਾ ਡਰੱਗ ਕੰਟਰੋਲਰ ਅਥਾਰਟੀ, ਚਾਈਲਡ ਵੈਲਫੇਅਰ ਅਧਿਕਾਰੀ ਨੂੰ ਵੀ ਹਦਾਇਤ ਕੀਤੀ ਕਿ ਉਹ ਇਕ ਮਹੀਨੇ ਬਾਅਦ ਇਨ੍ਹਾਂ ਦੁਕਾਨਾਂ ਦੀ ਜਾਂਚ ਕਰਨ ਅਤੇ ਜਿਸ ਵੀ ਦੁਕਾਨ ਉਤੇ ਕੈਮਰੇ ਨਾ ਲੱਗੇ ਹੋਣ, ਉਸ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਕਰਨੀ ਯਕੀਨੀ ਬਣਾਉਣ। ਸ੍ਰੀ ਥੋਰੀ ਨੇ ਉਕਤ ਅਧਿਕਾਰੀਆਂ ਨੂੰ ਇਹ ਵੀ ਹਦਾਇਤ ਕੀਤੀ ਕਿ ਉਹ ਭਵਿੱਖ ਵਿਚ ਇਨ੍ਹਾਂ ਕੈਮਰਿਆਂ ਦੀ ਰਿਕਾਰਡਿੰਗ ਵੀ ਚੈਕ ਕਰਨ ਅਤੇ ਜਿੱਥੇ ਵੀ ਦਵਾਈ ਵਿਕਰੇਤਾ ਵੱਲੋਂ ਕੋਈ ਬੇਨਿਯਮੀ ਕੀਤੀ ਹੋਣ ਦਾ ਸਬੂਤ ਮਿਲੇ, ਉਸ ਖਿਲਾਫ ਕਾਰਵਾਈ ਲਈ ਲਿਖਿਆ ਜਾਵੇ।

ਸਕਾਲਰਸ਼ਿਪ ਕੇਸਾਂ ਦਾ ਕੀਤਾ ਜਾਵੇ ਤੁਰੰਤ ਨਿਪਟਾਰਾ : ਸੁਭਾਸ਼ ਮਸੀਹ

ਅੰਮ੍ਰਿਤਸਰ : ਸਕੂਲੀ ਬੱਚਿਆਂ ਦੇ ਸਕਾਲਰਸ਼ਿਪ ਕੇਸਾਂ ਦਾ ਜਾਇਜ਼ਾ ਲੈਂਦੇ ਹੋਏ ਸੁਭਾਸ਼ ਮਸੀਹ ਥੋਬਾ ਮੈਂਬਰ ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਨੇ ਅਧਿਕਾਰੀ ਨੂੰ ਨਿਰਦੇਸ਼ ਦਿੱਤੇ ਕਿ ਸ਼ਕਾਲਰਸ਼ਿਪ ਦੇ ਕੇਸਾਂ ਦਾ ਤੁਰੰਤ ਨਿਪਟਾਰਾ ਕ

24-Nov-PAGE-12.qxd 11/23/2023 10:59 PM Page 1

ਮਨਿਸਟੀਰੀਅਲ ਮੁਲਾਜ਼ਮ ਫੂਕਣਗੇ ਸਰਕਾਰ ਦੇ ਝੂਠ ਦੀ ਪੰਡ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)—ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਜ਼ ਯੂਨੀਅਨ ਲਗਾਤਾਰ ਸੰਘਰਸ਼ ਕਰ ਰਹੀ ਹੈ। ਸੰਘਰਸ਼ ਦੀ ਅਗਲੀ ਕੜੀ ਵੱਜੋਂ ਪੰਜਾਬ ਭਰ ਦੇ ਦਫਤਰਾਂ ਦੇ ਮੁਲਾਜਮਾਂ ਵੱਲੋਂ ਆਪਣੇ ਆਪਣੇ ਜ਼ਿਲ੍ਹੇ ਵਿੱਚ ਪੰਜਾਬ ਸਰਕਾਰ ਖਿਲਾਫ ਰੋਸ ਮੁਜਾਹਰੇ ਕੀਤੇ ਜਾਣਗੇ ਅਤੇ ਵੱਖ ਵੱਖ ਸ਼ਹਿਰਾਂ ਵਿੱਚ ਝੂਠ ਦੀ ਪੰਡ ਫੂਕੀ ਜਾਵੇਗੀ। ਇਸ ਜ਼ਿਲ੍ਹੇ ਵਿੱਚ ਝੂਠ ਦੀ ਪੰਡ ਜੇਲ ਚੌਕ ਵਿੱਚ ਫੂਕੀ ਜਾਵੇਗੀ, ਜਿਸ ਵਿਚ ਹੁਸ਼ਿਆਰਪੁਰ ਜਿਲੇ ਦੇ ਸਮੂਹ ਵਿਭਾਗਾਂ ਦੇ ਮਨਿਸਟੀਰੀਅਲ ਮੁਲਾਜਮ ਅਤੇ ਭਰਾਤਰੀ ਸਬੇਬੰਦੀਆਂ ਦੇ ਸਾਥੀ ਸ਼ਾਮਿਲ ਹੋਣਗੇ। ਇਰੀਗੇਸ਼ਨ ਵਿਭਾਗ ਤੋਂ ਜਸਵੀਰ ਸਿੰਘ ਧਾਮੀ ਦੀ ਅਗਵਾਈ 'ਚ, ਸਿਹਤ ਵਿਭਾਗ ਤੋਂ ਨਵਦੀਪ ਸਿੰਘ, ਦਵਿੰਦਰ ਭੱਟੀ , ਲੋਕ ਨਿਰਮਾਣ ਵਿਭਾਗ ਤੋਂ ਹਰਕਮਲ ਸਿੰਘ, ਬਲਜੀਤ ਕੌਰ, ਰੋਜਗਾਰ ਦਫਤਰ ਤੋਂ ਗੁਰਜੀਤ ਸਿੰਘ, ਖਜ਼ਾਨਾ ਦਫਤਰ ਤੋਂ ਪੁਸ਼ਪਿੰਦਰ ਪਠਾਨੀਆ, ਮੱਛੀ ਪਾਲਣ ਵਿਭਾਗ ਤੋਂ ਕੁਲਵਿੰਦਰ ਸਿੰਘ, ਡੀ.ਸੀ. ਆਫਿਸ ਤੋਂ ਬਲਕਾਰ ਸਿੰਘ,ਬਿਕਰਮ ਆਦੀਆ,ਦੀਪਕ ਤ੍ਰੇਹਣ ਅਤੇ ਦਿਲਬਾਗ ਸਿੰਘ, ਸਿੱਖਿਆ ਵਿਭਾਗ ਤੋਂ ਬਿਕਰਮਜੀਤ ਸਿੰਘ ਆਹਲੂਵਾਲੀਆ, ਪਸ਼ੂ ਪਾਲਣ ਵਿਭਾਗ ਤੋਂ ਰਜੇਸ਼ ਸ਼ਰਮਾ, ਖੇਤੀਬਾੜੀ ਵਿਭਾਗ ਤੋਂ ਸੁਪਰਡੈਂਟ ਬਲਜਿੰਦਰ ਸਿੰਘ ਸੈਣੀ , ਮੁਕੇਰੀਆਂ ਤੋਂ ਰਾਜੀਵ ਰਾਜਨ , ਤਲਵਾੜਾ ਤੋਂ ਗੁਰਦਿਆਲ ਸਿੰਘ , ਦਸੂਹਾ ਤੋਂ ਬਲਜੀਤ ਸਿੰਘ, ਨਰਿੰਦਰ ਸ਼ਰਮਾ, ਚੱਬੇਵਾਲ ਤੋਂ ਹਰਪ੍ਰੀਤ ਸਿੰਘ, ਹਾਜੀਪੁਰ ਤੋਂ ਗਗਨਦੀਪ, ਟਾਂਡਾ ਤੋਂ ਰਵਿੰਦਰ ਸਿੰਘ, ਮਾਹਿਲਪੁਰ ਤੋਂ ਮਨਜਿੰਦਰ ਕੁਮਾਰ ਬਘੌਰਾ, ਭੂੰਗਾ ਤੋਂ ਰਵਿੰਦਰ ਕੁਮਾਰ ਫਰਵਾਹਾ, ਗੜ੍ਹਸ਼ੰਕਰ ਤੋਂ ਜਸਵੀਰ ਸਿੰਘ ਸਾਧਰਾ, ਦਿਲਦਾਰ ਸਿੰਘ ਅਤੇ ਸੰਦੀਪ ਸ਼ਰਮਾ, ਵਾਟਰ ਸਪਲਾਈ ਸੈਨੀਟੇਸ਼ਨ ਤੋਂ ਮਨੀਸ਼ ਚੱਡਾ, ਸੁਪਰਡੈਂਟ ਦਿਨੇਸ਼ ਅਤੇ ਜ਼ਿਲ੍ਹਾ ਸਿੱਖਿਆ ਦਫਤਰ ਤੋਂ ਨਰਿੰਦਰ ਸੋਹਲ, ਸਤਵਿੰਦਰ ਸਿੰਘ, ਬਲਬੀਰ ਸਿੰਘ, ਭੁਪਿੰਦਰ ਕੁਮਾਰ ਅਤੇ ਰਜਿੰਦਰ ਕੁਮਾਰ ਦੀ ਅਗਵਾਈ ਵਿੱਚ ਸਾਥੀ ਸ਼ਾਮਿਲ ਹੋਣਗੇ। ਇਹ ਜਾਣਕਾਰੀ ਯੂਨੀਅਨ ਦੇ ਜਿਲ੍ਹਾ ਪ੍ਰਧਾਨ ਅਨੀਰੁਧ ਮੋਦਗਿਲ ਵੱਲੋਂ ਜਾਰੀ ਕੀਤੇ ਪ੍ਰੈਸ ਬਿਆਨ ਰਾਹੀਂ ਦਿੱਤੀ ਗਈ। ਉਨਾਂ ਵੱਲੋਂ ਕਿਹਾ ਗਿਆ ਕਿ ਸਰਕਾਰ ਨੂੰ ਮੁਲਾਜਮਾਂ ਨਾਲ ਉਲਝਣ ਦੀ ਬਜਾਇ ਟੇਬਲ 'ਤੇ ਆ ਕੇ ਗੱਲ ਕਰਨੀ ਚਾਹੀਦੀ ਹੈ। ਗੁਆਂਢੀ ਰਾਜ ਹਿਮਾਚਲ, ਹਰਿਆਣਾ ਵੱਲੋਂ ਵੀ ਮੁਕੰਮਲ ਡੀ.ਏ ਦਿੱਤਾ ਜਾ ਚੁੱਕਾ ਹੈ ਜਦ ਕਿ ਪੰਜਾਬ ਦੇ ਮੁਲਾਜਮਾਂ ਦਾ 12% ਡੀ.ਏ. ਦੇਣਾ ਬਣਦਾ ਹੈ ਜੋ ਨਹੀਂ ਦਿੱਤਾ ਗਿਆ। ਪੇਅ ਕਮਿਸ਼ਨ ਦਾ ਬਕਾਇਆ ਵੀ ਪੈਡਿੰਗ ਹੈ, ਪੁਰਾਣੀ ਪੈਨਸ਼ਨ ਦੀ ਬਹਾਲੀ ਦੀ ਅਧੂਰੀ ਨੋਟੀਫਿਕੇਸ਼ਨ ਜਾਰੀ ਕੀਤੀ ਗਈ ਹੈ,15.1.2015 ਅਤੇ 17.7.2020 ਦੇ ਪੱਤਰ ਰੱਦ ਕਰਨੇ ਬਣਦੇ ਹਨ। ਟਾਈਪ ਟੈਸਟ ਦੀ ਥਾਂ ਕੰਪਿਊਟਰ ਟ੍ਰੇਨਿੰਗ ਲਾਗੂ ਕਰਨੀ ਬਣਦੀ ਹੈ, ਸੁਪਰਡੈਂਟ ਦੀ ਪ੍ਰਮੋਸ਼ਨ ਲਈ ਅੱਠ ਸਾਲ ਦੀ ਸ਼ਰਤ ਖਤਮ ਕਰਨੀ ਬਣਦੀ ਹੈ। ਇਨ੍ਹਾਂ ਮੁਲਾਜਮਾਂ ਵੱਲੋਂ ਡੀ ਸੀ ਦਫਤਰ ਦੇ ਬਾਹਰ ਰੋਸ ਰੈਲੀ ਵੀ ਕੀਤੀ ਗਈ, ਜਿਸ ਵਿੱਚ ਸਰਕਾਰ ਦੇ ਮੁਲਾਜਮ ਮਾਰੂ ਫੈਸਲਿਆਂ ਦੀ ਨਿਖੇਧੀ ਕੀਤੀ ਗਈ।

ਸਿਵਲ ਹਸਪਤਾਲ 'ਚ ਬਣੀ ਓ ਐੱਸ ਟੀ ਨੂੰ ਸ਼ਹਿਰ ਤੋਂ ਬਾਹਰ ਲਿਜਾਇਆ ਜਾਵੇ : ਬਾਲੀ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)— ਜ਼ਿਲ੍ਹਾ ਸੰਘਰਸ਼ ਕਮੇਟੀ ਦਾ ਇਕ ਵਫਦ ਪ੍ਰਧਾਨ ਕਰਮਵੀਰ ਬਾਲੀ ਦੀ ਪ੍ਰਧਾਨਗੀ ਵਿੱਚ ਵਧੀਕ ਡਿਪਟੀ ਕਮਿਸ਼ਨਰ (ਜ) ਰਾਹੁਲ ਚਾਬਾ ਨੂੰ ਮਿਲਿਆ ਅਤੇ ਆ ਰਹੀਆਂ ਸਮੱਸਿਆਂਵਾਂ ਦੇ ਬਾਰੇ ਦੱਸਿਆ। ਬਾਲੀ ਨੇ ਕਿਹਾ ਕਿ ਸਿਵਲ ਹਸਪਤਾਲ ਵਿੱਚ ਬਣੀ ਓ.ਐਸ.ਟੀ. ਨੂੰ ਇੱਥੋਂ ਬਦਲ ਕੇ ਸ਼ਹਿਰ ਦੇ ਬਾਹਰ ਬਣਾਇਆ ਜਾਵੇ ਜਾਂ ਥਾਣਾ ਮਾਡਲ ਟਾਊਨ ਦੇ ਨਜ਼ਦੀਕ ਬਣਾਇਆ ਜਾਵੇ ਕਿਉਂਕਿ ਇਥੇ ਨਸ਼ੇੜੀ ਨਸ਼ਾ ਛੁਡਾਉ ਗੋਲੀਆਂ ਲੈ ਕੇ ਸਾਰਾ ਦਿਨ ਝੁੰਡ ਬਣਾ ਕੇ ਸਿਵਲ ਹਸਪਤਾਲ ਦੇ ਮੇਨ ਗੇਟ ਦੇ ਅੱਗੇ ਖੜੇ ਰਹਿੰਦੇ ਹਨ। ਕੁਝ ਤਾਂ ਸਿਵਲ ਹਸਪਤਾਲ ਵਿੱਚ ਘੁੰਮਦੇ ਰਹਿੰਦੇ ਹਨ। ਸਿਵਲ ਹਸਪਤਾਲ ਵਿੱਚ ਗਰੀਬ ਦੁਖੀ ਮਰੀਜ਼ ਆਉਂਦੇ ਹਨ, ਨਸ਼ੇੜੀ ਆਪਣੇ ਨਸ਼ਾ ਪੂਰਾ ਕਰਨ ਲਈ ਆਏ ਦਿਨ ਇਥੇ ਚੋਰੀਆਂ ਨੂੰ ਅੰਜਾਮ ਦਿੰਦੇ ਰਹਿੰਦੇ ਹਨ। ਜ਼ਿਲ੍ਹੇ ਦਾ ਵੱਡਾ ਹਸਪਤਾਲ ਹੋਣ ਦੇ ਕਾਰਨ ਦੂਰ-ਦੂਰ ਤੋਂ ਮਰੀਜ਼ ਇੱਥੇ ਆਉਂਦੇ ਹਨ ਅਤੇ ਨਸ਼ੇੜੀ ਹਸਪਤਾਲ ਲਈ ਗ੍ਰਹਿਣ ਬਣੇ ਹੋਏ ਹਨ। ਕਾਨੂੰਨ ਵਿਵਸਥਾ ਬਣਾਉਣ ਵਿੱਚ ਇੱਥੇ ਤੈਨਾਤ ਪੁਲਸ ਕਰਮਚਾਰੀ ਨਾਕਾਮ ਹਨ ਜਿਸ ਦੀ ਵਜ੍ਹਾ ਨਾਲ ਸਾਰਾ ਦਿਨ ਕੁਝ ਨਸ਼ੇੜੀ ਇੱਥੇ ਨਸ਼ਾ ਵੇਚਣ ਦਾ ਵੀ ਕਾਰੋਬਾਰ ਕਰਦੇ ਹਨ। ਕਈ ਲੋਕਾਂ ਦਾ ਤਾਂ ਨਸ਼ਾ ਕਾਰੋਬਾਰ ਬਣ ਗਿਆ ਹੈ। ਪੂਰੀ ਗੱਲ ਧਿਆਨ ਨਾਲ ਸੁਣਨ ਤੋਂ ਬਾਅਦ ਚਾਬਾ ਨੇ ਕਿਹਾ ਕਿ ਇਸ ਦੀ ਗਹਿਰਾਈ ਨਾਲ ਜਾਂਚ ਹੋਵੇਗੀ ਅਤੇ ਕਾਰਵਾਈ ਕੀਤੀ ਜਾਵੇਗੀ। ਕਾਨੂੰਨ ਵਿਵਸਥਾ ਹਰ ਕੀਮਤ 'ਤੇ ਬਣਾਈ ਜਾਵੇਗੀ। ਕਿਸੇ ਨੂੰ ਗਲਤ ਕੰਮ ਨਹੀਂ ਕਰਨ ਦਿੱਤਾ ਜਾਵੇਗਾ। ਇਸ ਮੌਕੇ 'ਤੇ ਨਰਿੰਦਰ ਕੁਮਾਰ, ਮਦਨ ਦੱਤਾ ਆਦਿ ਹਾਜਰ ਸਨ।

ਰਿਆਤ ਬਾਹਰਾ 'ਵਰਸਿਟੀ ਵਿਖੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਸਵਾਗਤ ਪਾਰਟੀ

ਕੁਰਾਲੀ (ਮੋਹਨ ਅੱਗਰਵਾਲ ਜੋਗਾ):- ਰਿਆਤ ਬਾਹਰਾ ਯੂਨੀਵਰਸਿਟੀ ਵੱਲੋਂ ਏਐਸਏ ਤਹਿਤ ਭਾਰਤ ਵਿੱਚ ਆਪਣੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਸੱਭਿਆਚਾਰ ਅਤੇ ਕਦਰਾਂ-ਕੀਮਤਾਂ ਦਾ ਸਵਾਗਤ ਕਰਨ ਅਤੇ ਸਮਰਥਨ ਕਰਨ ਲਈ 'ਦਿ ਗੈਦਰਿੰਗ-ਮੀਟ, ਗ੍ਰੀਟ-2023 ਆਫ਼ ਇੰਟਰਨੈਸ਼ਨਲ ਸਟੂਡੈਂਟਸ' ਦਾ ਆਯੋਜਨ ਕੀਤਾ ਗਿਆ। ਵਿਦਿਆਰਥੀ ਭਲਾਈ ਡੀਨ ਡਾ. ਸਿਮਰਜੀਤ ਕੌਰ ਨੇ ਕਿਹਾ ਕਿ ਅੰਤਰਰਾਸ਼ਟਰੀ ਵਿਦਿਆਰਥੀਆਂ ਨੇ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕਰਕੇ ਇਸ ਸਮਾਗਮ ਨੂੰ ਮਜ਼ੇਦਾਰ ਬਣਾਇਆ। ਉਨ੍ਹਾਂ ਆਪਣੀਆਂ ਰਵਾਇਤੀ ਖਾਣ-ਪੀਣ ਵਾਲੀਆਂ ਵਸਤੂਆਂ ਦਾ ਵੀ ਆਨੰਦ ਲਿਆ ਅਤੇ ਯੂਨੀਵਰਸਿਟੀ ਦੀ ਪ੍ਰਾਹੁਣਚਾਰੀ ਦਾ ਆਨੰਦ ਮਾਣਿਆ ਜਿਸ ਨਾਲ ਉਨ੍ਹਾਂ ਦਾ ਨਿੱਘਾ ਸੁਆਗਤ ਕੀਤਾ ਗਿਆ।

ਸਦਭਾਵਨਾ ਵਜੋਂ ਵਿਦਿਆਰਥੀਆਂ ਨੇ ਯੂਨੀਵਰਸਿਟੀ ਦੇ ਸੀਨੀਅਰ ਅਧਿਕਾਰੀਆਂ ਨੂੰ ਰਿਆਤ ਬਾਹਰਾ ਯੂਨੀਵਰਸਿਟੀ ਵਿੱਚ ਉਨ੍ਹਾਂ ਦੀਆਂ ਕਦਰਾਂ-ਕੀਮਤਾਂ ਅਤੇ ਸੱਭਿਆਚਾਰ ਦਾ ਸਮਰਥਨ ਕਰਨ ਅਤੇ ਉਨ੍ਹਾਂ ਨੂੰ ਉੱਚ ਸਿੱਖਿਆ ਤੱਕ ਪਹੁੰਚ ਪ੍ਰਦਾਨ ਕਰਨ ਦਾ ਮੌਕਾ ਪ੍ਰਦਾਨ ਕਰਨ ਲਈ ਯਾਦਗਾਰੀ ਚਿੰਨ੍ਹ ਭੇਂਟ ਕੀਤੇ। ਇਸ ਸਮਾਗਮ ਦੇ ਮੁੱਖ ਮਹਿਮਾਨ ਵਜੋਂ ਪਹੁੰਚੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਵਿਦਿਆਰਥੀਆਂ ਦੇ ਜੀਵਨ ਵਿੱਚ ਸਫ਼ਲਤਾ ਦੀ ਕਾਮਨਾ ਕੀਤੀ। ਉਨ੍ਹਾਂ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਵਿੱਚ ਵਧੀਆ ਪ੍ਰਦਰਸ਼ਨ ਕਰਨ ਲਈ ਪ੍ਰੇਰਿਆ ਅਤੇ ਕਿਹਾ ਕਿ ਲਗਨ ਅਤੇ ਇਮਾਨਦਾਰੀ ਸਫਲਤਾ ਦੇ ਮੁੱਖ ਸ਼ਬਦ ਹਨ।

ਇਸ ਮੌਕੇ ਵਾਈਸ-ਚਾਂਸਲਰ ਡਾ. ਪਰਵਿੰਦਰ ਸਿੰਘ ਨੇ ਕਿਹਾ ਕਿ ਯੂਨੀਵਰਸਿਟੀ ਪੇਸ਼ੇਵਰ ਅਤੇ ਸਮਾਜਿਕ ਨੈਤਿਕਤਾ, ਰਾਸ਼ਟਰੀ ਕਦਰਾਂ-ਕੀਮਤਾਂ ਅਤੇ ਮਨੁੱਖੀ ਮੁਕਤੀ ਦੀ ਭਾਵਨਾ ਦੇ ਸਤਿਕਾਰ ਨਾਲ ਬਹੁਪੱਖੀ ਸ਼ਖਸ਼ੀਅਤ ਵਾਲੀ ਉੱਚ ਗੁਣਵੱਤਾ, ਪੇਸ਼ੇਵਰ ਤੌਰ 'ਤੇ ਤਿਆਰ ਤਕਨੀਕੀ ਅਤੇ ਇੰਜਨੀਅਰਿੰਗ ਮੈਨਪਾਵਰ ਵਿਕਸਿਤ ਕਰਨ ਲਈ ਵਚਨਬੱਧ ਹੈ।

ਦਿਹਾਣਾ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਗੁਰਮਤਿ ਸਮਾਗਮ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਪਿੰਡ ਦਿਹਾਣਾ ਵਿਖੇ ਗੁਰਦੁਆਰਾ ਪਾਤਸ਼ਾਹੀ ਪੰਜਵੀ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਅਸਥਾਨ 'ਤੇ ਪਾਤਿਸ਼ਾਹੀ ਪਹਿਲੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਗੁਰਮਤਿ ਸਮਾਗਮ ਸ਼ਰਧਾ ਭਾਵਨਾ ਨਾਲ ਕਰਵਾਏ ਗਏ। ਪ੍ਰਧਾਨ ਉਂਕਾਰ ਸਿੰਘ ਜੰਜੂਆ, ਪ੍ਰਮੋਦ ਸਿੰਘ ਲਾਡੀ, ਜਥੇਦਾਰ ਬਾਬਾ ਅਜੀਤ ਸਿੰਘ ਬਾਸੀ, ਮਾਸਟਰ ਗੁਰਦੇਵ ਸਿੰਘ ਜੰਜੂਆ ਨੇ ਦੱਸਿਆ ਕਿ ਸਮਾਗਮ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਹਾਲ ਵਿੱਚ ਜਥੇਦਾਰ ਬਾਬਾ ਅਜੀਤ ਸਿੰਘ ਬਾਸੀ ਦਿਹਾਣਾ, ਭਾਈ ਸਤਨਾਮ ਸਿੰਘ ਪਾਸ਼ਟਾਂ, ਭਾਈ ਉਂਕਾਰ ਸਿੰਘ, ਭਾਈ ਅਵਤਾਰ ਸਿੰਘ ਆਦਿ ਨੇ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਪ੍ਰਬੰਧਕਾਂ ਵੱਲੋਂ ਸਹਿਯੋਗੀਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹਰਪਾਲ ਸਿੰਘ ਫੌਜੀ, ਨਰਿੰਦਰ ਸਿੰਘ ਜੰਜੂਆ, ਬਲਵੀਰ ਸਿੰਘ, ਸੋਨਾ, ਗਗਨਪ੍ਰੀਤ ਸਿੰਘ, ਜਸਕਰਨ ਸਿੰਘ, ਜਸਪ੍ਰੀਤ ਸਿੰਘ ਗ੍ਰੰਥੀ, ਸਰਬਜੋਤ, ਅਮਨਜੋਤ, ਅਰਸ਼ਦੀਪ, ਗੁਰਨਾਮ ਸਿੰਘ, ਅਮਨਪ੍ਰੀਤ, ਫਹਿਤਵੀਰ ਸਿੰਘ, ਹਰਦੀਪ ਕੌਰ, ਜਸਵੀਰ ਕੌਰ, ਰਜਿੰਦਰ ਕੌਰ, ਸੁਰਿੰਦਰ ਕੌਰ, ਜੋਗਿੰਦਰ ਕੌਰ, ਪਰਮਜੀਤ ਕੌਰ, ਸਤਵੀਰ ਕੌਰ ਜੰਜੂਆ, ਦਰਸ਼ਨ ਕੌਰ, ਮਨਜੀਤ ਕੌਰ, ਜਸਵੀਰ ਕੌਰ, ਕੁਲਵਿੰਦਰ ਕੌਰ, ਬਲਜੀਤ ਕੌਰ, ਸਿਮਰਨ ਜੰਜੂਆ, ਸਿਮਰਨ ਮਿਨਹਾਸ, ਗੁਰਲੀਨ, ਜੈਦੀਪ, ਰੀਤੂ ਦੇਵੀ, ਸੋਨੂੰ ਆਦਿ ਹਾਜਰ ਸਨ।

ਗਦਰੀ ਬਾਬੇ ਵਿਚਾਰਧਾਰਕ ਮੰਚ ਗਠਨ ਤੇ ਅਹੁਦੇਦਾਰਾਂ ਦੀ ਹੋਈ ਚੋਣ

ਖਰੜ (ਹਰਨਾਮ ਸਿੰਘ ਡੱਲਾ)-ਪੁਆਧ ਇਲਾਕੇ ਦੇ ਪ੍ਰਗਤੀਸ਼ੀਲ ਲੋਕਾਂ ਦੀ ਨੁਮਾਇੰਦਗੀ ਕਰਨ ਲਈ 'ਗਦਰੀ ਬਾਬੇ ਵਿਚਾਰਧਾਰਕ ਮੰਚ' ਖਰੜ ਨਾਂਅ ਦੀ ਇੱਕ ਸਮਾਜਿਕ ਜਥੇਬੰਦੀ ਹੋਂਦ ਵਿੱਚ ਆਈ ਹੈ। ਖਰੜ, ਮੋਰਿੰਡਾ, ਕੁਰਾਲੀ ਅਤੇ ਮੋਹਾਲੀ ਦੇ ਦਾਨਸਵਰਾਂ ਦੀ ਸੋਚ ਸੀ ਕਿ ਪੁਆਧ ਇਲਾਕੇ ਵਿੱਚ ਲੋਕ ਪੱਖੀ ਸਾਹਿਤ, ਸੱਭਿਆਚਾਰ ਅਤੇ ਅਗਾਂਹਵਧੂ ਵਿਚਾਰਾਂ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਇੱਕ ਗੈਰ ਰਾਜਨੀਤਕ ਜਥੇਬੰਦੀ ਦਾ ਗਠਨ ਕੀਤਾ ਜਾਵੇ। ਜਿਸ ਦੀਆਂ ਲੜੀਵਾਰ ਮੀਟਿੰਗਾਂ ਹੋਣ ਤੋਂ ਬਾਅਦ ਤੈਅ ਕੀਤਾ ਗਿਆ ਕਿ ਭਵਿੱਖ ਵਿੱਚ ਇਹ ਜਥੇਬੰਦੀ ਦੇਸ਼ ਭਗਤ ਯਾਦਗਾਰ ਕਮੇਟੀ ਵਾਂਗ ਦੇਸ਼ ਦੀ ਆਜਾਦੀ ਲਈ ਜਾਨਾਂ ਵਾਰਨ ਵਾਲੇ ਸ਼ਹੀਦਾਂ ਦੀ ਯਾਦ ਵਿੱਚ ਸਮਾਗਮ ਕਰਵਾਉਂਣ ਲਈ ਵਚਨਬੱਧ ਹੋਵੇਗੀ। ਇਹ ਮੰਚ ਨਾਟਕਾਂ, ਕਵੀ ਦਰਬਾਰਾਂ, ਸੈਮੀਨਾਰਾਂ, ਗੋਸ਼ਟੀਆਂ ਅਤੇ ਗੀਤਾਂ ਮੱਧਿਅਮ ਰਾਹੀਂ ਲੋਕਾਂ ਨੂੰ ਚੇਤਨ ਕਰਨ ਦਾ ਯਤਨ ਕਰੇਗਾ। ਇਸ ਤੋਂ ਬਿਨਾਂ ਸ਼ਹਿਰ ਵਿੱਚ ਵਿਤਕਰੇ ਰਹਿਤ ਕੰਮ ਕਰਦੀਆਂ ਸਮਾਜਿਕ ਜਥੇਬੰਦੀਆਂ, ਰੈਜੀਡੈਂਟ ਐਸੋਸੀਏਸ਼ਨਾਂ, ਸਾਹਿਤਕ ਅਤੇ ਸੱਭਿਆਚਾਰਕ ਜਥੇਬੰਦੀਆਂ ਨਾਲ ਸਹਿਯੋਗ ਦਾ ਅਦਾਨ ਪ੍ਰਦਾਨ ਕਰੇਗੀ। ਜਨ ਚੇਤਨਾ ਲਈ ਕੰਮ ਕਰਨ ਦੀ ਪ੍ਰਤੀਬੱਧਤਾ ਨਾਲ ਸਹਿਮਤੀ ਪ੍ਰਗਟਾਉਂਦਿਆਂ ਹਾਜਰ ਮੈਂਬਰਾਂ ਨੇ ਜਥੇਬੰਦੀ ਦੀ ਸਰਬ ਸੰਮਤੀ ਨਾਲ ਚੋਣ ਕਰਕੇ ਕਰਨੈਲਜੀਤ ਸਿੰਘ ਨੂੰ ਸਰਪ੍ਰਸਤ, ਹਰਨਾਮ ਸਿੰਘ ਡੱਲਾ ਨੂੰ ਪ੍ਰਧਾਨ,ਗੁਰਦੇਵ ਅਰਨੀਵਾਲਾ ਨੂੰ ਸੀਨੀਅਰ ਮੀਤ ਪ੍ਰਧਾਨ, ਸੰਤਵੀਰ ਨੂੰ ਜਨਰਲ ਸਕੱਤਰ, ਸੁਖਵਿੰਦਰ ਸਿੰਘ ਦੁਮਣਾ ਨੂੰ ਸਕੱਤਰ, ਯੋਗ ਰਾਜ ਨੂੰ ਖਜਾਨਚੀ, ਗੁਰਦੀਪ ਸਿੰਘ ਮੋਹਾਲੀ ਨੂੰ ਸਲਾਹਕਾਰ, ਗੁਰਮੀਤ ਸਿੰਗਲ, ਨੀਲੂ ਮਾਰਵਾੜੀ,ਖ਼ੁਸ਼ੀ ਰਾਮ ਨਿਮਾਣਾ,ਕਿਰਪਾਲ ਸਿੰਘ ਮੁੰਡੀ ਖਰੜ,ਸੇਵਾ ਸਿੰਘ ਭਾਗੋਮਾਜਰਾ ਨੂੰ ਕਾਰਜਕਾਰਨੀ ਮੈਂਬਰ ਚੁਣਿਆ ਗਿਆ ਹੈ। ਜਥੇਬੰਦੀ ਨੇ ਫੈਸਲਾ ਲਿਆ ਹੈ ਕਿ ਜਲਦੀ ਹੀ ਗਦਰੀ ਬਾਬਿਆਂ ਨੂੰ ਸਮਰਪਿਤ ਇੱਕ ਸਮਾਗਮ ਬੁਲਾਇਆ ਜਾਵੇਗਾ, ਜਿਸ ਵਿੱਚ ਸਾਹਿਤ ਅਤੇ ਸੱਭਿਆਚਾਰ ਨੂੰ ਬਾਰੇ ਵਿਦਵਾਨਾਂ ਨੂੰ ਸੱਦਾ ਦੇ ਕੇ ਲੋਕ ਮਸਲਿਆਂ ਉੱਤੇ ਸੰਵਾਦ ਰਚਾਇਆ ਜਾਵੇਗਾ।

ਇਨੋਵੇਟਿਵ ਸਕੂਲ ਉੜਮੁੜ ਦਾ ਸਾਲਾਨਾ ਸੱਭਿਆਚਾਰਕ ਸਮਾਗਮ ਸੰਪੰਨ

ਟਾਂਡਾ ਉੜਮੁੜ (ਉਂਕਾਰ ਸਿੰਘ; ਜਸਵਿੰਦਰ ਸੰਧੂ)-ਮਾਤਾ ਸਾਹਿਬ ਕੌਰ ਐਜੂਕੇਸ਼ਨਲ ਸੁਸਾਇਟੀ ਵੱਲੋਂ ਚਲਾਏ ਜਾ ਰਹੇ ਸਥਾਨਕ ਇਨੋਵੇਟਿਵ ਜੂਨੀਅਰ ਸਕੂਲ ਉੜਮੁੜ ਦਾ ਸਾਲਾਨਾ ਸੱਭਿਆਚਾਰਕ ਪ੍ਰੋਗਰਾਮ ਦੇਸ਼ ਭਗਤੀ ਅਤੇ ਪੰਜਾਬੀ ਸੱਭਿਆਚਾਰ ਦੀ ਖੁਸ਼ਬੂ ਫੈਲਾਉਂਦਾ ਹੋਇਆ ਹੋਇਆ ਸਫਲਤਾ ਪੂਰਵਕ ਸੰਪਨ ਹੋਇਆ।

ਪ੍ਰਿੰਸੀਪਲ ਜਤਿੰਦਰ ਕੌਰ ਅਰੋੜਾ ਦੀ ਅਗਵਾਈ ਹੇਠ ਆਯੋਜਿਤ ਇਸ ਸਭਿਆਚਾਰਕ ਸਮਾਗਮ ਦੀ ਸ਼ੁਰੂਆਤ ਮੁੱਖ ਮਹਿਮਾਨ ਵਜੋਂ ਪਹੁੰਚੇ ਨਗਰ ਸੁਧਾਰ ਸਭਾ ਹੁਸ਼ਿਆਰਪੁਰ ਦੇ ਚੇਅਰਮੈਨ ਹਰਮੀਤ ਸਿੰਘ ਔਲਖ ਨੇ ਸ਼ਮ੍ਹਾ ਜਲਾ ਕੇ ਕੀਤੀ।

ਇਸ ਮੌਕੇ ਚੇਅਰਮੈਨ ਹਰਮੀਤ ਔਲਖ ਸਕੂਲ ਪ੍ਰਬੰਧਕਾਂ ਸਟਾਫ ਅਤੇ ਵਿਦਿਆਰਥੀਆਂ ਨੂੰ ਸਾਲਾਨਾ ਸਮਾਰੋਹ ਦੀ ਮੁਬਾਰਕਬਾਦ ਦਿੰਦੇ ਹੋਏ ਖੇਡਾਂ ਅਤੇ ਹੋਰ ਗਤੀਵਿਧੀਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਇਸ ਸਾਲਾਨਾ ਸੱਭਿਆਚਾਰਕ ਪ੍ਰੋਗਰਾਮ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ ਡੀ.ਐਸ.ਪੀ ਸਬ ਡਿ